ਨੂੰ ਬਾਹਰ ਲੱਭ ਰਹੇ ਹਨ ਉਹ ਅਜੇ ਅੰਧੇਰੇ ਵਿਚ ਟਕਰਾਂ ਮਾਰ ਰਹੇ ਹਨ :

(1) ਸਰਰਿਹੁ ਭਾਲਣਿ ਕੋ ਬਾਹਰ ਜਾਏ॥
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥[15]

(2) ਸਭ ਕਿਛੁ ਘਰ ਮਹਿ ਬਾਹਰਿ ਨਾਹੀ
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥[16]

(3) ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜਹਿ॥
ਵਸੀ ਰੱਬ ਹਿਆਲੀਐ ਜੰਗਲੁ ਕਿਆ ਢੂਢੇਹਿ॥[17]

ਗੁਰਮਤਿ ਅਨੁਸਾਰ ਪਰਮਸਤਿ ਨੇ ਜੋ ਪੈਦਾ ਕੀਤਾ ਹੈ, ਉਹ ਉਸ ਦਾ ਨਾਮ ਰੂਪ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ- 'ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥'[18] ਇਬਨ-ਇ-ਅਰਬੀ ਆਪਣੀ ਜਗਤ ਪ੍ਰਸਿੱਧ ਪੁਸਤਕ 'ਫਸੂਸ-ਉਲ-ਹਿਕਮਾਂ' ਵਿਚ ਇਸੇ ਵਿਚਾਰ ਨੂੰ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ- 'ਅਸੀਂ ਸਭ ਉਸ ਦੀਆਂ ਨਾਮ ਰੂਪ ਸਿਫ਼ਤਾਂ ਹਾਂ ਜੋ ਖ਼ੁਦਾ ਨੂੰ ਪ੍ਰਗਟ ਕਰ ਰਹੀਆਂ ਹਨ। ਸਾਡੀ ਹੋਂਦ ਉਸ ਦੀ ਹੋਂਦ ਤੋਂ ਬਿਨਾ ਸੰਭਵ ਨਹੀਂ ਹੈ। ਉਸ ਨੇ ਹੀ ਆਪਣੇ ਆਪ ਤੋਂ ਇਸ ਦ੍ਰਿਸ਼ਟਮਾਨ ਪਾਸਾਰੇ ਨੂੰ ਪੈਦਾ ਕੀਤਾ ਹੈ।'[19] ਇਵੇਂ ਸਪਸ਼ਟ ਹੁੰਦਾ ਹੈ ਕਿ ਸਿਫ਼ਤਾਂ ਖ਼ੁਦਾ ਦੀ ਜ਼ਾਤ ਤੋਂ ਜ਼ੁਦਾ ਨਹੀਂ, ਕਾਇਨਾਤ ਸਿਫ਼ਤਾਂ ਤੋਂ ਬਣੀ ਹੈ। ਇਸ ਲਈ ਕਾਇਨਾਤ ਵੀ ਖ਼ੁਦਾ ਤੋਂ ਜ਼ੁਦਾ ਨਹੀਂ। ਖ਼ੁਦਾ ਕਾਇਨਾਤ ਦਾ ਸੱਬਬ (Cause) ਹੈ ਅਤੇ ਕਾਇਨਾਤ ਮੁਸਬੱਬ (Effect) ਹੈ। ਜੇਕਰ ਇਸ 'ਪ੍ਰਗਟਾਅ' ਅਤੇ 'ਮੂਲ' ਵਿਚ ਫ਼ਰਕ ਕਰਨਾ ਹੋਵੇ ਤਾਂ ਪਹਿਲੇ ਸੰਕਲਪ ਵਿਚ ਸਰੀਰ, ਰੂਹ ਤੇ ਅਕਲ ਸ਼ਾਮਿਲ ਹਨ ਤੇ ਦੂਜੇ ਵਿਚ ਸ਼ਬਦ (Logos) ਅਤੇ ਆਤਮਾ (Self) ਹੈ। ਹੁਣ ਵਿਚਾਰਣ ਵਾਲੀ ਗੱਲ ਇਹ ਹੈ ਕਿ ਇਹ ਅਨੇਕਤਾ ਕਿਵੇਂ ਹੈ?, ਅਰੂਪ, ਰੂਪ ਕਿਵੇਂ ਧਾਰਨ ਕਰਦਾ ਹੈ? ਜਾਂ 'ਕੌਣ ਆਇਆ ਪਹਿਨ ਲਿਬਾਸ ਕੁੜੇ'? ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਸਮਝਣ ਲਈ ਸਾਨੂੰ ਗੁਰਮਤਿ ਦੇ 'ਨਾਮ', 'ਸ਼ਬਦ', 'ਗੁਰੂ', 'ਹੁਕਮ', 'ਸੱਚ' ਅਤੇ 'ਨਦਰਿ' ਦੇ ਪਰਿਭਾਸ਼ਿਕ ਸ਼ਬਦਾਂ ਨੂੰ ਖੋਲ੍ਹਣ ਦੀ ਅਤੇ ਇਹਨਾਂ ਦੀਆਂ ਪ੍ਰਤੀਧੁਨੀਆਂ ਨੂੰ ਸੂਫ਼ੀਮਤ ਵਿਚੋਂ ਨਿਹਾਰਨ ਦੀ ਲੋੜ ਹੈ।

ਗੁਰਮਤਿ ਅਨੁਸਾਰ ਨਾਮ ਰੱਬੀ ਹੋਂਦ ਦੀ ਏਕਤਾ ਦਾ ਉਹ ਪੱਖ ਹੈ ਜਿਸ ਰਾਹੀਂ ਪ੍ਰਭੂ ਧਿਆਨ ਦਾ ਵਿਸ਼ਾ ਬਣਦਾ ਹੈ। ਧਿਆਨ ਵਿਚ ਆ ਸਕਣ ਲਈ ਹੀ ਅਰੂਪ, ਨਾਮ ਰੂਪ ਵਿਚ ਪ੍ਰਗਟ ਹੋਇਆ ਹੈ। 'ਸ਼ਬਦ' ਉਹ ਦਸ਼ਾ ਹੈ ਜਦੋਂ ਪਰਮਾਤਮਾ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਇਹ ਪ੍ਰਗਟ ਹੁੰਦਾ ਹੈ ਗੁਰੂ ਹਿਰਦੇ ਵਿਚ- 'ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ'।[20] ਗੁਰੂ ਪਰਮਾਤਮਾ ਦਾ ਪ੍ਰਕਾਸ਼ ਅਤੇ ਬਾਣੀ ਰੂਪ ਹੋਣ ਕਰਕੇ ਪਰਮਾਤਮ ਰਹੱਸ ਨੂੰ ਜੀਵ ਆਤਮਾ ਦੀ ਡੂੰਘਾਣ ਵਿਚ ਜਾਗ੍ਰਿਤ ਕਰਦਾ ਹੈ। ਇਵੇਂ ਗੁਰੂ ਅਰੂਪ ਦਾ ਰੂਪ ਹੈ। ਗੁਰੂ ਨਾਨਕ ਸਾਫ਼ ਕਹਿੰਦੇ ਹਨ: 'ਗੁਰੁ ਪਰਮੇਸਰੁ ਏਕੋ ਜਾਣੂ'। ਪੁਰਾਤਨ ਜਨਮ ਸਾਖੀ ਵਿਚ ਆਉਂਦਾ ਹੈ- 'ਮੇਰਾ ਨਾਉ ਪਾਰਬ੍ਰਹਮ ਪਰਮੇਸਰ ਅਰ ਤੇਰਾ ਨਾਮ ਗੁਰ ਪਰਮੇਸਰ। ਨਾਨਕ ਜਿਸ ਉਪਰ ਤੇਰੀ ਨਦਰਿ, ਉਸ ਉਪਰ ਮੇਰੀ ਨਦਰਿ, ਜਿਸ ਉਪਰ ਤੇਰਾ ਕਰਮ ਉਸ ਉਪਰ ਮੇਰਾ ਕਰਮ'।[21] ਇਸੇ ਨੂੰ ਬੁੱਲ੍ਹੇ ਸ਼ਾਹ ਕਹਿੰਦਾ ਹੈ-

ਅਹਿਦ ਅਹਿਮਦ ਵਿਚ ਫ਼ਰਕ ਨ ਬੁੱਲ੍ਹਿਆ
ਇਕ ਰਤੀ ਭੇਤ ਮਰੋੜੀ ਦਾ, ਇਕ ਰਾਂਝਾ ਸਾਨੂੰ ਲੋੜੀਦਾ। (ਬੁੱਲ੍ਹੇ ਸ਼ਾਹ)

ਅਹਿਦ ਸਤਿ ਦੀ ਨਿਰਗੁਣ ਅਵਸਥਾ ਹੈ। ਸਤਿ ਹੀ ਹੱਕ ਤੇ ਨਿਰਪੇਖ ਸੱਤਾ ਹੈ ਜਿਸ ਤੋਂ ਰਚਨਾ ਦਾ ਪ੍ਰਾਰੰਭ ਹੋਇਆ। ਇਬਨ-ਇ-ਅਰਬੀ ਤੋਂ ਕੋਈ 150 ਸਾਲ ਬਾਅਦ ਅਬਦੁਲ ਕਰੀਮ ਜੀਲੀ ਹੋਇਆ ਹੈ ਜਿਸ ਨੇ ਇਬਨੇ-ਅਰਬੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੇ ਹੋਏ ਉਸ ਦੀਆਂ ਰਚਨਾਵਾਂ ਦੀ ਵਿਆਖਿਆ 'ਅਲ-ਇਨਸਾਨ-ਉਲ-ਕਾਮਿਲ' ਪੁਸਤਕ ਰਾਹੀਂ ਕੀਤੀ ਹੈ। ਜੀਲੀ ਕਹਿੰਦਾ ਹੈ ਖ਼ੁਦਾ ਦੀ ਅਫੁਰ ਅਵਸਥਾ (Absolute Being) ਵਿਚ ਸਾਰੀਆਂ ਸਿਫ਼ਤਾਂ ਅਭੇਦ ਸਨ। ਗੁਰਮਤਿ ਜਿਸ ਨੂੰ ਧੁੰਧੂਕਾਰ ਦੀ ਅਵਸਥਾ ਕਹਿ ਕੇ ਮਾਰੂ ਰਾਗ ਦੇ ਸੋਹਿਲਿਆਂ ਵਿਚ ਵਿਸਥਾਰ ਵਰਣਨ ਕਰਦਾ ਹੈ, ਉਸ ਨੂੰ ਜੀਲੀ 'ਅਲ-ਅਮਾ' (The dark mist) ਕਹਿੰਦਾ ਹੈ। ਅਫੁਰ ਅਵਸਥਾ ਤੋਂ ਸਫੁਰ ਹੋਣ ਨੂੰ ਜੀਲੀ ਨੇ 'ਤਜੱਲੀ' (revelation or mystical illumination) ਕਹਿ ਕੇ ਇਸ ਦੀਆਂ ਤਿੰਨ ਅਵਸਥਾਵਾਂ ਅਹਿਦੀਯਾ (One-ness), ਹੁਵਈਯਾ (He-ness) ਅਤੇ ਅਨੀਯਾ (I-ness) ਦਾ ਜ਼ਿਕਰ ਕੀਤਾ ਹੈ।[22] ਸੂਫ਼ੀਆਂ ਦੇ ਇਸ ਵਿਚਾਰ ਨੂੰ ਜੇਕਰ ਗੁਰਮਤਿ ਵਿਚੋਂ ਨਿਹਾਰਨ ਦਾ ਯਤਨ ਕਰੀਏ ਤਾਂ ਆਸਾ ਦੀ ਵਾਰ ਵਿਚ ਅਫੁਰ ਤੋਂ ਸਫੁਰ ਹੋਣ ਦੀ ਇਸ ਰੱਬੀ ਮੌਜ਼ ਨੂੰ 'ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥'[23] ਰਾਹੀਂ ਬਿਆਨ ਕੀਤਾ ਗਿਆ ਹੈ। ਇਥੇ ਅਫੁਰ ਅਵਸਥਾ ਤੋਂ ਸਫੁਰ ਹੋਣਾ 'ਨਾਮੁ' ਹੈ ਜੋ ਉਸ ਦੀ ਸਿਰਜਣਾਤਮਕ ਸਮਰੱਥਾ ਦਾ ਦੀਦਾਰ ਹੈ। ਕੁਦਰਤ ਦੀ ਸਾਜਨਾ ਰਚਨਾ ਦੇ ਪਸਾਰੇ ਵਿਚ ਪਰਮਸਤਾ ਦਾ ਵਿਦਮਾਨ ਹੋਣਾ ਹੈ। ਇਸੇ ਵਿਚਾਰ ਨੂੰ ਭਾਈ ਗੁਰਦਾਸ ਜੀ ਇਉਂ ਵਿਆਖਿਆ ਦਿੰਦੇ ਹਨ :

'ਨਿਰੰਕਾਰੁ ਆਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ॥
ਏਕੰਕਾਰਹੁ ਸਬਦ ਧੁਨਿ ਓਅੰਕਾਰ ਆਕਾਰੁ ਬਣਾਇਆ॥'[24]

ਰਚਨਾ ਦਾ ਰਚਿਆ ਜਾਣਾ ਸੂਫ਼ੀਆਂ ਦਾ 'ਅਹਿਦ' ਵਿਚ 'ਮੀਮ' ਦਾ ਰਲਣਾ ਹੈ। ਪੰਜਾਬੀ ਸੂਫ਼ੀ ਕਾਵਿ ਦੇ ਹਵਾਲੇ ਨਾਲ ਜੇਕਰ ਵੇਖਣਾ ਹੋਵੇ ਤਾਂ ਬੁੱਲ੍ਹੇ ਸ਼ਾਹ ਕਹਿੰਦਾ ਹੈ :

ਜਦੋਂ ਅਹਿਦ ਇਕ ਇਕੱਲਾ ਸੀ, ਨਾ ਜ਼ਹਿਰ ਕੋਈ ਤਜੱਲਾ ਸੀ।
ਨਾ ਰੱਬ ਰਸੂਲ ਨਾ ਅੱਲਾ ਸੀ, ਨਾ ਸੀ ਜੱਬਾਰ ਤੇ ਨਾ ਕੱਹਾਰ।
ਬੇਚੂਨ ਅਤੇ ਬੇਚਗੂਨਾ ਸੀ, ਬੇਮਿਸਾਲ ਤੇ ਬੇਨਮੂਨਾ ਸੀ।
ਨਾ ਕੋਈ ਰੰਗ ਨਮੂਨਾ ਸੀ, ਹੁਣ ਹੋਇਆ ਗੁਨਾਗੂਨ ਹਜ਼ਾਰ। (ਬੁੱਲ੍ਹੇ ਸ਼ਾਹ)

ਜਦ ਅਰੂਪ, ਰੂਪ ਧਾਰਨ ਕਰਦਾ ਹੈ ਤਾਂ :

ਅਹਿਦ ਵਿਚ ਮੀਮ ਰਲਾਇਆ। ਤਾਂ ਕੀਤਾ ਏਡ ਪਾਸਾਰਾ। (ਬੁੱਲ੍ਹੇ ਸ਼ਾਹ)

ਅਰੂਪ ਦੀ ਵਿਆਪਕਤਾ ਨੂੰ ਸੂਫੀ ਫ਼ਕੀਰਾਂ ਨੇ ਇਉਂ ਬਿਆਨ ਕੀਤਾ ਹੈ :

1. ਬੁੱਲ੍ਹਾ ਸਾਂਈ ਘਟ ਘਟ ਰਵਿਆ ਜਿਉਂ ਆਟੇ ਵਿਚ ਲੋਣ॥ (ਬੁੱਲ੍ਹੇ ਸ਼ਾਹ)
2. ਅੰਦਰ ਤੂੰ ਹੈ ਬਾਹਰ ਤੂੰ ਹੈ, ਰੋਮ ਰੋਮ ਵਿਚ ਤੂੰ।
   ਕਹੇ ਹੁਸੈਨ ਫਕੀਰ ਨਿਮਾਣਾ, ਮੈਂ ਨਾਹੀ ਸਭ ਤੂੰ। (ਸ਼ਾਹ ਹੁਸੈਨ)

ਅਰੂਪ ਤੋਂ ਰੂਪ ਹੋ ਕੇ ਪਸਰੀ ਪਰਮਸਤਿ ਦੀ ਅਸੀਮਤਾ ਕਿਸੇ ਪਰਿਵਰਤਨਹੀਣ ਖੜੋਤ (Static) ਦਾ ਨਾਮ ਨਹੀਂ, ਸਗੋਂ ਪਲ-ਪਲ ਰੰਗ ਵਟਾਉਂਦੀ (Dynamic) ਵਿਕਾਸ ਵਿਚ ਰਹਿੰਦੀ ਹੈ। ਇਸ ਨੂੰ ਸੂਫ਼ੀਆਂ ਨੇ 'ਤਜਦੱਦ-ਏ-ਅਮਸਾਲ' ਕਿਹਾ ਹੈ। ਇਸੇ ਨੂੰ 'ਨੂਰ-ਇ-ਮੁਹੰਮਦ', 'ਅਵਲ ਅਲਾਹ ਨੂਰ ਉਪਾਇਆ', ਜਾਂ ਜੋਤਿ ਦਾ ਜੁਗਤਿ ਵਿਚ ਵਿਚਰਣਾ ਕਿਹਾ ਜਾ ਸਕਦਾ ਹੈ। ਗੁਰੂ ਵਿਚ ਇਹੀ ਧੁਰ ਦਰਗਾਹ ਦੀ ਜੋਤਿ ਪ੍ਰਗਟ ਹੁੰਦੀ ਹੈ ਜਿਸ ਦੇ ਦੈਵੀ ਸੰਪਰਕ ਵਿਚ ਜਾਣ ਨਾਲ ਪਰਮਾਤਮ ਰਹੱਸ ਦੀ ਸੋਝੀ ਹੁੰਦੀ ਹੈ :

1. ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ॥[25]
2. ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥[26]

ਸੂਫ਼ੀਆਂ ਨੇ 'ਨਾਮ' ਨੂੰ 'ਕਲਮੇ' ਦੇ ਰੂਪ ਵਿਚ ਲੈਂਦਿਆਂ ਸਪਸ਼ਟ ਕੀਤਾ ਹੈ ਕਿ ਚੌਦਾਂ ਤਬਕ ਕਲਮੇ ਦੇ ਅੰਦਰ ਹੀ ਹਨ ਤੇ ਇਸ ਦਾ ਭੇਦ ਕਿਤਾਬੀ ਇਲਮ ਰਾਹੀਂ ਨਹੀਂ ਪਾਇਆ ਜਾ ਸਕਦਾ :

1. ਕਲਮੇ ਦੀ ਕਲ ਤਦ ਪਿਓਸੇ ਜਦ ਕਲ ਕਲਮੇ ਵੰਜ ਖੋਲ੍ਹੀ ਹੂ।
   ਚੌਦਾਂ ਤਬਕ ਕਲਮੇ ਦੇ ਅੰਦਰ, ਕੀ ਜਾਣੇ ਖ਼ਲਕਤ ਭੋਲੀ ਹੂ।
2. ਚੌਦਾਂ ਤਬਕ ਕਲਮੇ ਦੇ ਅੰਦਰ, ਛੱਡ ਕਿਤਾਬਾਂ ਇਲਮਾਂ ਹੂ।

(ਸੁਲਤਾਨ ਬਾਹੂ)

ਸੂਫ਼ੀਆਂ ਨੇ ਕਲਮੇ ਦੇ ਦੋ ਭੇਤ ਦੱਸੇ ਹਨ: ਇਕ 'ਸਿਫ਼ਤ ਸਨਈ ਤੇ ਦੂਜਾ 'ਇਸਮੇ-ਆਜ਼ਮ'। ਇਵੇਂ ਹੀ ਸੂਫ਼ੀਆਂ ਨੇ ਸ਼ਬਦ ਨੂੰ ਕੁੰਨ ਨਾਲ ਮੇਲਦਿਆ ਹੋਇਆਂ ਇਸ ਦੇ ਅਦਬੀ ਸ਼ਾਊਰ ਨੂੰ ਮਕੁੰਨ ਤੋਂ ਕੁੰਨ ਤੇ ਕੁੰਨ ਤੋਂ ਮਕੁੰਨ ਤਕ ਦੀ ਯਾਤਰਾ ਦੱਸਿਆ ਹੈ। ਮਕੁੰਨ ਅਵਸਥਾ ਵਿਚ ਸਭ ਰੂਹਾਂ ਖ਼ੁਦਾ ਵਿਚ ਅਭੇਦ ਸਨ ਤੇ ਕੁੰਨ ਕਿਹਾ ਤਾਂ ਜੀਵਾਂ ਦਾ ਲਿਬਾਸ ਧਾਰਨ ਕਰਕੇ ਰਚਨਾ ਵਿਚ ਆ ਗਈਆਂ। ਕੁੰਨ ਤੋਂ ਮੁੜ ਮਕੁੰਨ ਵਿਚ ਅਭੇਦ ਹੋਣ ਲਈ ਸਾਧਨਾ ਦੀ ਲੋੜ ਹੈ ਜਿਸ ਵਿਚ ਮੁਰਸ਼ਦ ਦੀ ਭੂਮਿਕਾ ਅਹਿਮ ਹੈ। ਇਸ ਪ੍ਰਤੀਤੀ ਲਈ ਇਲਹਾਮ ਤਾਂ ਨਬੀਆਂ ਦੇ ਹਿੱਸੇ ਆਇਆ ਪਰ ਜਗਿਆਸੂ (ਸਾਧਕ) ਸਹਿਜ-ਅਨੁਭਵ ਦਾ ਰਸਤਾ ਅਖ਼ਤਿਆਰ ਕਰਦੇ ਹਨ। ਗੁਰਮਤਿ ਵਿਚ ਇਸ ਰਸਤੇ ਤੇ ਚਲਣ ਦਾ ਤਰੀਕਾ ਹਉਮੈ ਨੂੰ ਤਜ ਕੇ ਹੁਕਮ ਦੇ ਅਨੁਸਾਰੀ ਹੋ ਜਾਣਾ ਹੈ। ਇਹ ਜੀਵਨ-ਮੁਕਤੀ ਦਾ ਰਾਹ ਵੀ ਹੈ ਤੇ ਮੰਜਲ ਵੀ ਹੈ। ਸੂਫ਼ੀ ਇਸ ਸਾਧਨਾ ਲਈ 'ਮੁਕਾਮ' ਤੇ 'ਹਾਲ' ਦੀਆਂ ਅਵਸਥਾਵਾਂ ਤਹਿ ਕਰਦੇ ਹਨ ਅਤੇ ਜੀਵਨ-ਮੁਕਤੀ ਲਈ 'ਫਨਾਹ' ਤੇ 'ਬਕਾਅ' ਸ਼ਬਦ ਵਰਤੇ ਹਨ। ਬਾਜ਼ੀਦ ਬਿਸਤਾਮੀ 'ਫਨਾਹ' ਦਾ ਅਰਥ ਨਿਜੀ ਵਜੂਦ ਦਾ ਖ਼ਾਤਮਾ ਨਹੀਂ ਸਗੋਂ ਇਸ ਦਾ ਭੁਲੇਖਾ ਪਾਉਣ ਵਾਲੇ ਪਰਿਭਾਸ਼ਿਕ ਪਰਦੇ ਦਾ ਚਾਕ ਕਰ ਦੇਣਾ ਦਸਦਾ ਹੈ। 'ਫਿਨਾਹ-ਫਿਲਾਹ' ਤੋਂ ਅੱਗੇ ਰੱਬ ਦੇ ਅਸਲੇ ਨੂੰ ਪਛਾਣ ਕੇ ਸਰਬ ਪਾਸਾਰੇ ਵਿਚ ਆਪੇ ਦਾ ਫੈਲਾਅ ਕਰ ਲੈਣਾ 'ਬਕਾਅ' ਹੈ।[27] ਇਸੇ ਨੂੰ ਗੁਰਮਤਿ ਵਿਚ 'ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ'[28] ਕਿਹਾ ਗਿਆ ਹੈ।

ਗੁਰਮਤਿ ਵਿਚ 'ਗੁਰੂ' ਇਕ ਰਹੱਸਵਾਦੀ ਸਿਧਾਂਤ (Mystical Principle) ਹੈ। ਇਸ ਤਹਿਤ ਕੋਈ ਦੇਹਧਾਰੀ ਜਾਂ ਬਾਹਰਮੁਖੀ ਆਸ਼ੇ ਵਾਲਾ ਵਿਅਕਤੀ ਗੁਰੂ ਨਹੀਂ ਹੁੰਦਾ, ਸਗੋਂ

ਸੰਸਾਰ ਨੂੰ ਪੈਦਾ ਕਰਨ ਵਾਲੀ ਹਸਤੀ ਵਲੋਂ ਮਨੁੱਖ ਦੇ ਕਲਿਆਣ ਲਈ ਨਿਸ਼ਚਿਤ ਕੀਤਾ ਕੋਈ ਆਤਮਿਕ ਪੱਧਰ ਦਾ ਸਾਧਨ ਹੈ। ਇਹ ਆਤਮਿਕ ਪੱਧਰ ਦਾ ਸਾਧਨ 'ਸ਼ਬਦ' ਹੈ। ਰਹੱਸਵਾਦੀ ਸਿਧਾਂਤ ਦੀ ਲੋਅ ਵਿਚ 'ਵਹਿਦਤ ਦੇ ਆਲਮ' (ਏਕਤਾ ਦੀ ਹਾਲਤ) ਵਿਚ ਤਾਂ ਇਕੋ-ਇਕ ਵਾਹਿਗੁਰੂ ਆਪ ਸ਼ਬਦ ਰੂਪ ਸਾਰੇ ਸੰਸਾਰ ਦਾ ਗੁਰੂ ਹੈ, ਪਰ 'ਕਸਰਤ ਦੇ ਆਲਮ' (ਰਚਨਾ ਦੀ ਅਨੇਕਤਾ) ਵਿਚ ਜਿਸ ਪਵਿੱਤਰ ਹਸਤੀ ਵਿਚ ਉਹ 'ਸ਼ਬਦ' ਜੋਤਿ ਰੂਪ ਵਿਚ ਪ੍ਰਗਟ ਹੁੰਦਾ ਹੈ, ਉਹ ਵਿਅਕਤੀ ਵਿਸ਼ੇਸ਼ ਗੁਰੂ-ਪਦ ਦਾ ਅਧਿਕਾਰੀ ਹੈ। ਗੁਰੂ ਨਾਨਕ ਦੇਵ ਜੀ ਦਾ ਕੋਈ ਵੀ ਦੇਹਧਾਰੀ ਮਨੁੱਖੀ ਗੁਰੂ ਨਹੀਂ ਸੀ। ਉਹਨਾਂ ਅੰਦਰ 'ਸ਼ਬਦ-ਜੋਤਿ' ਧੁਰ ਦਰਗਾਹ ਤੋਂ ਆਈ ਸੀ। ਜੋ ਦਸਾਂ ਜਾਮਿਆਂ ਵਿਚ ਕਾਇਆ ਪਲਟਦੀ ਰਹੀ। ਇਵੇਂ ਗੁਰੂ ਸਖ਼ਸ਼ੀਅਤ ਸਾਧਨਾ ਰਾਹੀਂ ਵਿਕਸਿਤ ਹੋਈ ਸਖ਼ਸ਼ੀਅਤ ਨਹੀਂ ਸਗੋਂ ਜਨਮ ਸਿੱਧ ਪਰਿਪੂਰਨ ਸਖ਼ਸ਼ੀਅਤ ਹੁੰਦੀ ਹੈ ਜੋ ਦੁਨੀਆਂ ਅੰਦਰ ਧੁਰ ਦਰਗਾਹ ਦਾ ਫ਼ੁਰਮਾਨ (ਖਸਮ ਕੀ ਬਾਣੀ) ਲੈ ਕੇ ਆਉਂਦੀ ਹੈ। ਗੁਰੂ ਤੇ ਸੰਤ ਵਿਚ ਅੰਤਰ ਹੁੰਦਾ ਹੈ। ਸੰਤ ਮੁਕਤ ਪੁਰਸ਼ ਹੈ ਜੋ 'ਆਪਾ ਪਰਕਾ ਮਿਟਾ' ਕੇ ਨਿਗਮ ਤੋਂ ਅਗੰਮ ਵਿਚ ਅਭੇਦ ਹੋ ਜਾਂਦਾ ਹੈ। ਗੁਰੂ 'ਮੁਕਤਿ ਜੁਗਤਿ ਦਾ ਦਾਤਾ' ਹੁੰਦਾ ਹੈ। ਸੰਤ ਨੇ ਪਰਮਸਤਿ ਨੂੰ ਜਾਣਿਆ ਤੇ ਪਾਇਆ ਹੈ, ਪਰ ਗੁਰੂ ਨੇ ਪਾਇਆ ਵੀ ਹੈ ਤੇ ਵਰਤਾਇਆ ਹੈ। ਸੰਤ ਅਨੇਕ ਹੋ ਸਕਦੇ ਹਨ, ਪਰ ਗੁਰੂ ਕੇਵਲ ਇਕ ਹੀ ਹੁੰਦਾ ਹੈ ਜਿਸ ਨੂੰ ਪਰਮਾਤਮਾ ਥਾਪੜਾ ਦੇ ਕੇ ਆਪਣੀ ਜੋਤਿ ਨਾਲ ਪਰਿਪੂਰਨ ਕਰ ਕੇ, ਦੈਵੀ ਯੋਜਨਾ ਅਧੀਨ ਜੀਵਾਂ ਦਾ ਉਧਾਰ ਕਰਨ ਲਈ ਭੇਜਦਾ ਹੈ। ਗੁਰੂ ਦੀ ਅਜ਼ਮਤ ਨੂੰ ਗੁਰਬਾਣੀ ਵਿਚ ਵਿਸਥਾਰ ਪੂਰਬਕ ਬਿਆਨ ਕੀਤਾ ਗਿਆ ਹੈ, ਇਥੇ ਸਿਰਫ਼ ਇਕ ਦੋ ਤੁਕਾਂ ਦੇਣ ਦੀ ਆਗਿਆ ਲੈਂਦੇ ਹਾਂ :

1. ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
   ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥[29]

2. ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
   ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥
   ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥
   ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥
   ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲ੍ਹ ਕਹਿ॥
   ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥[30]

ਗੁਰੂ ਜਦ ਸਿੱਖ ਦੇ ਹਿਰਦੇ (ਅੰਤਹਿਕਰਣ) ਵਿਚ ਵਸ ਜਾਂਦਾ ਹੈ ਤਾਂ ਸੋਝੀ ਆਉਂਦੀ ਹੈ ਕਿ ਗੁਰੂ ਤੇ ਪਰਮੇਸ਼ਰ ਵਿਚ ਭੇਦ ਨਹੀਂ :

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਬਿੰਦੁ ਗੋਬਿੰਦੁ ਗੁਰੂ ਹੈ ਨਾਨਕ ਭੇਦੁ ਨਾ ਭਾਈ॥[31]

ਗੁਰ ਪਰਮੇਸਰ ਦੇ ਇਸ ਸੰਕਲਪ ਨੂੰ ਸੂਫ਼ੀਆਂ ਨੇ 'ਹਕੀਕਤ-ਇ-ਮੁਹੰਮਦੀਆ' ਜਾਂ 'ਨੂਰ-ਇ-ਮੁਹੰਮਦੀ' ਕਿਹਾ ਹੈ। ਮਨਸੂਰ-ਅਲ-ਹਲਾਜ 'ਕਿਤਾਬੁਲ ਤਵਾਸੀਨ' (Kitab-al-Tawasin) ਦੇ ਪਹਿਲੇ ਕਾਂਡ ਵਿਚ ਇਸ ਦਾ ਖ਼ੁਲਾਸਾ ਕਰਦਾ ਲਿਖਦਾ ਹੈ- 'ਮੁਹੰਮਦ ਸਾਹਿਬ

ਦੀ ਜਾਤ ਦੇ ਦੋ ਪੱਖ ਹਨ। ਇਕ ਇਹ ਕਿ ਆਪ ਅਜ਼ਲੀ ਨੂਰ (ਅਨਾਦੀ ਪ੍ਰਕਾਸ਼) ਸਨ। 'ਨੂਰੇ-ਮੁਹੰਮਦੀ' ਸਾਰੇ ਸੰਸਾਰ ਦੀ ਹੋਂਦ ਵਿਚ ਆਉਣ ਤੋਂ ਪਹਿਲਾਂ ਵਿਦਮਾਨ ਸੀ ਅਤੇ ਇਸੇ ਨੂਰ ਤੋਂ ਇਲਮ ਦਾ ਪ੍ਰਗਟਾਵਾ ਹੋਇਆ ਹੈ। ਸਾਰੇ ਇਲਮ ਮੁਹੰਮਦ ਸਾਹਿਬ ਦੇ ਗਿਆਨ ਸਾਗਰ ਦੇ ਮੁਕਾਬਲੇ ਵਿਚ ਇਕ ਤੁਛ ਬੂੰਦ ਤੋਂ ਵੱਧ ਨਹੀਂ। ਸਾਰੀਆਂ ਸਿਆਣਪਾਂ ਆਪ ਦੀ ਵਿਸ਼ਾਲ ਸਿਆਣਪ ਦੇ ਸਾਹਮਣੇ ਹੇਚ ਹਨ। ਹੱਕ ਆਪ ਦਾ ਵਜੂਦ ਹੈ ਅਤੇ ਇਸ ਵਜੂਦ ਨਾਲ ਹਕੀਕਤ ਪ੍ਰਗਟ ਹੋਈ। ਦੂਜਾ ਪੱਖ ਇਹ ਹੈ ਕਿ ਮੁਹੰਮਦ ਸਾਹਿਬ ਰੱਬ ਦੇ ਭੇਜੇ ਪੈਗ਼ੰਬਰ ਸਨ। ਆਪ ਗ਼ੈਬ ਦੇ ਪ੍ਰਕਾਸ਼ ਸਨ, ਪ੍ਰਗਟੇ ਤੇ ਪਰਤ ਗਏ। ਪੈਗ਼ੰਬਰੀ ਜੋਤਿ ਆਪ ਦੇ ਅਜ਼ਲੀ ਨੂਰ ਨਾਲ ਚਮਕੀ ਤੇ ਪਸਰੀ। ਆਪ ਦੇ ਨੂਰ ਤੋਂ ਵਧ ਕੇ ਹੋਰ ਕੋਈ ਨੂਰ ਪ੍ਰਕਾਸ਼ਵਾਨ ਅਤੇ ਪਵਿੱਤਰ ਨਹੀਂ ਹੈ।[32] 'ਨੂਰ-ਇ-ਮੁਹੰਮਦੀਆ' ਦੇ ਇਸ ਸਿਧਾਂਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੂਫ਼ੀ ਆਪਣੇ ਆਪ ਲਈ ਪੈਗੰਬਰੀ ਦਾ ਰੁਤਬਾ ਨਹੀਂ ਰੱਖਦੇ ਸਗੋਂ ਮੁਰਸ਼ਦ ਹੁੰਦੇ ਹੋਏ ਦਰਵੇਸ਼ (ਸੰਤ) ਕਹਾਉਂਦੇ ਹਨ। ਉਹ ਅੱਲਾਹ ਨੂੰ ਵਾਹਿਦ, ਕੁਰਆਨ ਨੂੰ ਖ਼ੁਦਾਈ ਕਲਾਮ ਅਤੇ ਮੁਹੰਮਦ ਸਾਹਿਬ ਨੂੰ ਖ਼ੁਦਾ ਦੇ ਭੇਜੇ ਰਸੂਲ (ਦੂਤ) ਤਸੱਵਰ ਕਰਦੇ ਹਨ।

ਪਰਮਸਤਿ ਦੀ ਏਕਤਾ ਦਾ ਚੌਥਾ ਪੱਖ 'ਹੁਕਮ' ਹੈ। ਇਹ ਪੈਦਾ ਕੀਤੀ ਹੋਈ ਸਾਰੀ ਕਾਇਨਾਤ ਕਿਸੇ ਹੁਕਮ ਵਿਚ ਬੱਝੀ ਹੋਈ ਹੈ। ਇਸ ਨੂੰ ਆਸਾ ਦੀ ਵਾਰ ਵਿਚ 'ਭੈ' ਵੀ ਕਿਹਾ ਹੈ। ਜ਼ਿੰਦਗੀ ਇਸੇ ਵਿਧਾਨ ਵਿਚ ਚੱਲਦੀ ਹੈ। ਹੋਂਦ ਦੀ ਏਕਤਾ ਦਾ ਪੰਜਵਾਂ ਪੱਖ 'ਪਰਮ ਸੱਚ' ਹੈ ਜੋ ਕਰਤਾਰੀ ਹੋਂਦ ਹੈ। ਬੁਨਿਆਦੀ ਸੱਚਾਈ ਏਕਤਾ ਹੈ ਤੇ ਅਨੇਕਤਾ ਇਸ ਕਰਕੇ ਸੱਚਾਈ ਹੈ ਕਿ ਉਸ ਵਿਚੋਂ ਉਪਜੀ ਹੈ। ਕਰਤਾ ਆਪਣੀ ਕਿਰਤ ਵਿਚ ਵਿਆਪਕ ਹੋ ਕੇ ਆਪਣੇ ਕੀਤੇ ਨੂੰ ਵੇਖ ਵੀ ਰਿਹਾ ਹੈ। ਇਬਨੁਲ-ਅਰਬੀ 'ਫਸੂਸ-ਉਲ-ਹਿਕਮ' ਵਿਚ ਕਹਿੰਦਾ ਹੈ- 'ਕਰਤਾਪੁਰਖ ਦਾ ਆਪਣੀ ਕਿਰਤ (ਰਚਨਾ) ਨਾਲ ਉਹੀ ਸੰਬੰਧ ਹੈ ਜੋ ਅੱਖ ਦੀ ਪੁਤਲੀ ਦਾ ਅੱਖ ਨਾਲ ਹੈ। ਜਿਵੇਂ ਦ੍ਰਿਸ਼ਟੀ ਪੁਤਲੀ ਤੇ ਆਧਾਰਿਤ ਹੈ ਇਵੇਂ ਕਰਤਾ ਪੁਰਖ ਸ੍ਰਿਸ਼ਟੀ ਨੂੰ ਪੁਰਖ ਰੂਪੀ ਪੁਤਲੀ ਦੁਆਰਾ ਦੇਖਦਾ ਹੈ।'[33] ਇਸ ਸੱਚ ਨੂੰ ਗੁਰੂ ਨਾਨਕ ਦੇਵ ਜੀ 'ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥ ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ॥'[34] ਕਿਹਾ ਹੈ। ਸਾਰਾ ਬ੍ਰਹਿਮੰਡ ਤੇ ਪ੍ਰਕ੍ਰਿਤੀ ਪਸਾਰਾ ਉਸ ਦੀ ਮੌਜੂਦਗੀ ਕਰਕੇ ਸੱਚ ਹੈ, ਮਾਇਆ ਛਾਇਆ ਕੋਈ ਨਹੀਂ। ਇਹ ਮਾਇਆ ਤੇ ਛਾਇਆ ਤਾਂ ਹਉਮੈ ਕਰਕੇ ਹੈ। ਹਉਮੈ ਹੁਕਮ ਦਾ ਵਿਰੋਧ ਹੈ। ਸੂਫ਼ੀਆਂ ਦੇ ਸੰਦਰਭ ਵਿਚ ਇਸ ਗੱਲ ਨੂੰ ਵਿਚਾਰਨਾ ਹੋਵੇ ਤਾਂ ਮਨਸੂਰ-ਅਲ-ਹੱਲਾਜ ਕਹਿੰਦਾ ਹੈ- 'ਖ਼ੁਦਾ ਦੀ ਨਦਰ ਇਬਲੀਸ ਤੇ ਪੈਗ਼ੰਬਰ ਦੋਹਾਂ ਤੇ ਪਈ ਸੀ। ਇਬਲੀਸ ਨੇ ਆਪਣੇ ਆਪ ਨੂੰ ਮਹਾਨ ਸਮਝ ਲਿਆ ਤੇ ਖ਼ੁਦਾ ਦੇ ਹੁਕਮ ਤੋਂ ਹੀ ਮੁਨੱਕਰ ਹੋ ਗਿਆ (ਭਾਵ ਆਦਮ ਅੱਗੇ ਸਿਰ ਨਾ ਝੁਕਾਇਆ)। ਅਹਿਮਦ ਨੇ ਇਹ ਨਿਵਾਜਿਸ਼ ਪ੍ਰਾਪਤ ਕਰ ਲਈ ਤੇ ਉਹ ਖ਼ੁਦਾ ਦੀ ਅੱਖ ਦੀ ਪੁਤਲੀ ਬਣ ਗਿਆ।'[35]

'ਨਦਰਿ' ਦੇ ਸਿਧਾਂਤ ਰਾਹੀਂ ਪਰਮਸਤਿ ਦੀ ਏਕਤਾ ਕਰਮ ਨਾਲ ਜੁੜ ਜਾਂਦੀ ਹੈ। ਕਰਮ ਤੋਂ ਇਹੀ ਅਨੁਭਵ ਹੁੰਦਾ ਹੈ ਕਿ ਕਰਮ ਕਰਨ ਵਾਲਾ ਕੋਈ (ਕਰਤਾ) ਹੈ। ਜਦ ਹਉਮੈਂ ਨਾਲ ਇਹ ਚੇਤਨਾ ਜੁੜਦੀ ਹੈ ਤਾਂ ਮਨੁੱਖ ਸਮਝਦਾ ਹੈ ਕਿ ਮੈਂ ਕਰ ਰਿਹਾ ਹਾਂ। ਇਹ ਮਾਇਆ ਹੈ। ਜਦ ਇਸ ਅਗਿਆਨਤਾ ਨੂੰ ਨਦਰਿ ਨਾਲ ਜੋੜਿਆ ਜਾਂਦਾ ਹੈ ਤਾਂ ਭਰਮ ਨਿਕਲਦਾ ਹੈ ਕਿ

ਕਰਮ ਕਰਵਾਉਣ ਵਾਲਾ ਪ੍ਰਭੂ ਆਪ ਹੈ। ਪ੍ਰਭੂ ਦੀ ਨਦਰਿ ਸਾਡੇ ਤੋਂ ਕਰਮ ਕਰਵਾਉਂਦੀ ਹੈ। ਇਸੇ ਕਰਕੇ ਗੁਰਬਾਣੀ ਵਿਚ ਸ਼ਬਦ 'ਨਦਰਿ-ਕਰਮ' ਇਕੱਠਾ ਆਇਆ ਹੈ। ਨਦਰਿ ਮੁਕਤੀ ਦਾ ਦਰ ਹੈ- 'ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ' (ਜਪੁ ਜੀ)। ਪੈਗ਼ੰਬਰ ਇਸ ਬਖ਼ਸ਼ ਦਰ ਨੂੰ ਪਹਿਲਾਂ ਹੀ ਪਾ ਕੇ (ਪਹਿਲਾ ਪਾਇਆ ਬਾਬੇ ਬਖਸ਼ ਦਰ...) ਇਸ ਮਾਤਲੋਕ ਵਿਚ 'ਅਲ-ਇਨਸਾਨ-ਉਲ-ਕਾਮਿਲ' ਦੇ ਚੋਜ ਵਰਤਾਉਂਦਾ ਹੈ। ਸੂਫ਼ੀਆਂ ਦੇ ਅਲ-ਇਨਸਾਨ-ਉਲ-ਕਾਮਿਲ ਨੂੰ ਗੁਰਮਤਿ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ 'ਖ਼ਾਲਸੇ' ਵਿਚੋਂ ਨਿਹਾਰਿਆ ਜਾ ਸਕਦਾ ਹੈ। ਖਾਲਸੇ ਨੂੰ ਪਰਿਭਾਸ਼ਿਤ ਕਰਦੇ ਆਪ ਕਹਿੰਦੇ ਹਨ :

ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨਾ ਆਨੈ॥...
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਹਿ ਨਖਾਲਿਸ ਜਾਨੈ॥

ਜੀਵਨ ਆਪਣੀ ਸਮੁੱਚ ਵਿਚ ਇਕ ਇਕਾਈ ਹੈ। ਇਹੀ ਅਨੇਕਤਾ ਦੀ ਸਚਾਈ ਹੈ। ਜਦ ਮਨੁੱਖ ਆਪਣੀ ਮਨਮੁਖਤਾ ਕਰਕੇ ਰਸਮਾਂ, ਰੀਤਾਂ, ਪੂਜਾ-ਅਰਚਾ ਦਾ ਵਿਧੀ ਵਿਧਾਨ ਘੜਦਾ ਹੈ ਤਾਂ ਉਹ ਇਸ ਸਮੁੱਚਤਾ ਨੂੰ ਤੋੜ ਰਿਹਾ ਹੁੰਦਾ ਹੈ। ਗੁਰਮਤਿ ਤੇ ਸੂਫ਼ੀਮਤ ਇਹਨਾਂ ਸਰ੍ਹਾ-ਸ਼ਰੀਅਤ ਦੇ ਬੰਧਨਾਂ ਦਾ ਵਿਰੋਧ ਕਰਦੇ ਹਨ। ਇਹ ਕਿਸੇ ਵੀ ਧਰਮ ਦੀ ਅਹਿਲੇ-ਤਾਜ਼ਗੀ ਦਾ ਵਿਰੋਧ ਨਹੀਂ ਸਗੋਂ ਉਨ੍ਹਾਂ ਨੂੰ ਨਿਰਜਿੰਦ ਕਰਦੇ ਬਾਹਰਮੁਖੀ ਪੂਜਾ ਵਿਧਾਨਾਂ ਦਾ ਵਿਰੋਧ ਹੈ। ਵੇਖੋ :

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥[37]

ਇਸਲਾਮ ਦੀ ਇਸੇ ਬਾਹਰਮੁਖਤਾ ਨੂੰ ਸੂਫ਼ੀਆਂ ਨੇ ਵੀ ਨਿੰਦਿਆ ਹੈ-

ਭੱਠ ਨਿਮਾਜ਼ਾਂ ਚਿੱਕੜ ਰੋਜੇ, ਕਲਮੇ ਤੇ ਫਿਰ ਗਈ ਸਿਆਹੀ॥
ਬੁੱਲ੍ਹਾ ਸ਼ਾਹ ਸ਼ਹੁ ਅੰਦਰੋਂ ਮਿਲਿਆ, ਭੁਲੀ ਫਿਰੇ ਲੁਕਾਈ॥ (ਬੁੱਲ੍ਹੇ ਸ਼ਾਹ)

ਫ਼ਰੀਦ-ਉਦ-ਦੀਨ ਅੱਤਾਰ ਇਹਨਾਂ ਰਸਮਾਂ ਦੀ ਵਿਆਖਿਆ ਕਰਦਾ ਕਹਿੰਦਾ ਕਿ ਵੁਜੂ ਮਨ ਦੀ ਪਵਿੱਤਰਤਾ ਹੈ, ਰਮਜ਼ਾਨ ਮਨ ਦੇ ਵਿਕਾਰਾਂ ਤੋਂ ਮੁਕਤ ਹੋਣਾ ਹੈ ਤੇ ਹੱਕ ਖ਼ੁਦੀ (ਹਉਮੈਂ) ਤੋਂ ਪਾਰ ਜਾਣਾ ਹੈ। ਗੁਰਮਤਿ ਇਸ ਰਸਮੀ ਜੀਵਨ ਤੋਂ ਛੁਟਕਾਰਾ ਪਾ ਕੇ ਸੱਚੇ ਧਰਮ ਨੂੰ ਸਥਾਪਿਤ ਕਰਨ ਦੀ ਪ੍ਰੇਰਨਾ ਦਿੰਦਾ ਹੈ ਤੇ ਇਹ ਸੱਚਾ ਧਰਮ 'ਸਭਸੇ ਲਏ ਮਿਲਾਏ ਜੀਉ' ਵਾਲਾ ਪ੍ਰੇਮ ਪਿਆਰ ਤੇ ਭਾਈਚਾਰਕ ਸਾਂਝ ਵਾਲਾ ਹੈ। ਪ੍ਰੇਮ ਦੇ ਰਸਤੇ ਉੱਪਰ ਨਾ ਵਿਤਕਰੇ ਹੁੰਦੇ ਹਨ ਤਾਂ ਵਿਸ਼ਵਾਸਾਂ ਦੀ ਕੱਟੜਤਾ। ਇਥੇ ਤਾਂ ਖੇਤਰੀ ਦੂਰੀਆਂ ਵੀ ਮਿਟ ਜਾਂਦੀਆਂ ਹਨ। ਸੂਫ਼ੀ ਸੰਤ ਅਬੂ-ਉਲ-ਖ਼ੈਰ ਨੂੰ ਕਿਸੇ ਨੇ ਪੁੱਛਿਆ ਪੈਗ਼ੰਬਰ ਪ੍ਰੇਮ ਦਾ ਪੈਗ਼ਾਮ ਕਿੰਨ੍ਹਾਂ ਲਈ ਲੈ ਕੇ ਆਇਆ ਸੀ? ਆਪ ਨੇ ਜਵਾਬ ਦਿੱਤਾ ਪ੍ਰੇਮ ਦਾ ਪੈਗ਼ੰਬਰ ਨਾ ਇਰਾਨ ਦਾ ਹੁੰਦਾ ਹੈ ਨਾ ਅਰਬ ਦਾ, ਉਹ ਸਭ ਦਾ ਹੁੰਦਾ ਹੈ।[38] ਪ੍ਰੇਮ ਦਾ ਜਦ ਸਬਕ ਪੜ੍ਹ ਲਈਏ ਤਾਂ ਮੋਮਨ ਤੇ ਕਾਫ਼ਰ ਦਾ ਵਿਤਕਰਾ ਮਿਟ ਜਾਂਦਾ ਹੈ। ਸੂਫ਼ੀਆਂ ਨੇ ਇਸੇ ਨੂੰ ਪ੍ਰਚਾਰਿਆ ਹੈ :

ਦੂਈ ਦੂਰ ਕਰੋ ਕੋਈ ਸ਼ੋਰ ਨਹੀਂ,
ਇਹ ਤੁਰਕ ਹਿੰਦੂ ਕੋਈ ਹੋਰ ਨਹੀਂ
ਸਭ ਸਾਧ ਲਖੋ ਕੋਈ ਚੋਰ ਨਹੀਂ
ਹਰਿ ਘਟ ਘਟ ਬੀਚ ਸਮਾਇਆ ਹੈ। (ਬੁੱਲ੍ਹੇ ਸ਼ਾਹ)

ਵਿਤਕਰੇ, ਨਿਖੇੜੇ, ਹਠ-ਧਰਮੀ, ਆਤਮ-ਅਭਿਮਾਨ ਮਨਮੁਖੀ ਸਰੋਕਾਰ ਹਨ। ਇਹਨਾਂ ਤੋਂ ਉੱਪਰ ਉੱਠ ਜਾਣਾ ਤੇ 'ਸਭੈ ਘਟਿ ਰਾਮ ਬੋਲੈ ਰਾਮਾ ਬੋਲੈ' ਦਾ ਅਹਿਸਾਸ ਕਰਨਾ, ਗੁਰਮੁਖਾ ਜੀਵਨ ਹੈ। ਸੂਫ਼ੀਆਂ ਨੇ ਗੁਰਮੁਖ ਦੇ ਸੰਕਲਪ ਲਈ 'ਮੁਵਾਹਿਦ' ਸ਼ਬਦ ਵਰਤਿਆ ਹੈ। 'ਮੁਵਾਹਿਦ' ਨੂੰ ਪਰਿਭਾਸ਼ਤ ਕਰਦਾ ਬਾਬਾ ਫ਼ਰੀਦ ਦਾ ਸਪੁੱਤਰ ਖ਼ਵਾਜਾ ਯਾਕੂਬ, 'ਮਾਅਰਜ਼-ਉਲ-ਵਿਲਾਇਤ' (Ma'arju-l-Wilayat) ਵਿਚ ਕਹਿੰਦਾ ਹੈ ਕਿ "ਮੁਵਾਹਿਦ ਦਾ ਧਿਆਨ ਨੇਕ ਅਮਲਾਂ ਉੱਤੇ ਹੁੰਦਾ ਹੈ। ਉਸ ਦਾ ਹਰ ਕਾਰਜ ਪਰਮਾਤਮਾ ਦੀ ਦਇਆ ਨਾਲ ਪੂਰਾ ਹੁੰਦਾ ਹੈ। ਪਾਣੀ ਉਸ ਨੂੰ ਡੋਬ ਨਹੀਂ ਸਕਦਾ, ਅੱਗ ਉਸ ਨੂੰ ਸਾੜ ਨਹੀਂ ਸਕਦੀ। ਉਹ ਹਰ ਚੀਜ਼ ਵਿਚੋਂ ਖ਼ੁਦਾ ਦਾ ਜਲਵਾ ਦੇਖਦਾ ਹੈ। ਜੇ ਉਹ ਆਪਣੇ ਆਪ ਨੂੰ ਤਾਲਾਸ਼ ਕਰਦਾ ਹੈ ਤਾਂ ਰੱਬ ਨੂੰ ਪਾ ਲੈਂਦਾ ਹੈ ਅਤੇ ਜੇ ਰੱਬ ਦੀ ਤਲਾਸ਼ ਕਰਦਾ ਹੈ ਤਾਂ ਆਪਣੇ ਆਪ ਨੂੰ ਪਾ ਲੈਂਦਾ ਹੈ। ਉਹ ਆਪਣੇ ਆਪ ਨੂੰ ਮਹਿਬੂਬ (ਪਰਮਸਤਿ) ਵਿਚ ਇਵੇਂ ਅਭੇਦ ਕਰ ਲੈਂਦਾ ਹੈ ਕਿ ਦੋਹਾਂ ਦੀ ਹੋਂਦ ਮਿਟ ਜਾਂਦੀ ਹੈ।"[39]

ਸਮਕਾਲੀ ਪੰਜਾਬੀ ਸੂਫ਼ੀ ਕਾਵਿ ਦੇ ਹਵਾਲੇ ਨਾਲ ਦੇਖਣਾ ਹੋਵੇ ਤਾਂ ਬੁੱਲ੍ਹੇ ਸ਼ਾਹ ਗੁਰਮੁਖ ਤੇ ਮਨਮੁਖ ਦੇ ਸੰਕਲਪ ਨੂੰ ਆਪਣੇ ਅੰਦਾਜ਼ ਵਿਚ ਇਉਂ ਬਿਆਨ ਕਰਦਾ ਹੈ :

ਜੈਸੀ ਸੂਰਤ ਐਨ ਦੀ, ਤੈਸੀ ਸੂਰਤ ਗ਼ੈਨ।
ਇਕ ਨੁਕਤੇ ਦਾ ਫ਼ਰਕ ਹੈ ਭੁੱਲੀ ਫਿਰੇ ਕੁਨੈਨ। (ਬੁੱਲ੍ਹੇ ਸ਼ਾਹ)

ਇਲਾਹੀ ਹੁਸਨ ਦੀ ਸਾਦਗੀ ਕਰਕੇ ਹੀ ਪੰਜਾਬ ਵਿਚ ਸੂਫ਼ੀਆਂ ਦੀ ਗੁਰੂ ਸਾਹਿਬਾਨ ਨਾਲ ਵਿਚਾਰਧਾਰਿਕ ਪੱਧਰ ਤੇ ਸਾਂਝ ਰਹੀ ਹੈ। 'ਸੁਲਹਿ-ਕੁਲ ਦੀ ਨੀਤੀ' ਤੇ ਚਲਦੇ ਹੋਏ ਇਹਨਾਂ ਦਾ ਅਧਿਆਤਮਕ ਪਰਿਪੇਖ ਤੋਂ ਛੁੱਟ ਸਮਾਜਕ-ਰਾਜਨੀਤਿਕ ਵਰਤਾਰਿਆਂ ਵਿਚ ਵੀ ਇਕ ਦੂਜੇ ਨੂੰ ਸਮਰਥਨ ਰਿਹਾ ਹੈ ਜਿਸ ਦੇ ਵਿਸਥਾਰ ਵਰਨਣ ਦੀ ਇਥੇ ਗੁੰਜਾਇਸ਼ ਨਹੀਂ ਹੈ। ਅਧਿਆਤਮਿਕ ਸਾਂਝ ਹੁੰਦੇ ਹੋਏ ਦੋਹਾਂ ਦੀਆਂ ਸਾਧਨਾ ਪੱਧਤੀਆਂ, ਬਿਆਨ ਢੰਗ ਤੇ ਸ਼ੈਲੀਆਂ ਵਿਚ ਭਿੰਨਤਾ ਜ਼ਰੂਰ ਹੈ। ਇਸ ਪਿੱਛੇ ਇਹਨਾਂ ਦੇ ਭਾਰਤੀ ਤੇ ਸਾਮੀ ਸਭਿਆਚਾਰਾਂ ਦਾ ਪਿਛੋਕੜ ਵੀ ਅਸਰ ਅੰਦਾਜ਼ ਹੁੰਦਾ ਹੈ। ਗੁਰਬਾਣੀ ਦੇ ਬਿਆਨ ਦੀ ਰਵਾਨੀ ਵਿਚ ਸਹਿਜ, ਸੁਹਜ ਤੇ ਸੂਝ ਹੋਣ ਕਰਕੇ ਇਹ ਠਰੰਮੇ ਵਾਲੀ ਹੈ, ਸੂਫ਼ੀ ਕਲਾਮ ਵਿਚ ਇਸ਼ਕ ਦਾ ਤ੍ਰਿਖੜਾ ਤਾਲ ਵਾਲੀ ਸ਼ੋਖੀ ਹੈ। ਸੂਫ਼ੀ 'ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ' ਦੀ ਰੰਗਤ ਤਾਂ ਰਖਦੇ ਹਨ ਪਰ ਸੰਗਤ ਉਸ ਪ੍ਰਕਾਰ ਦੀ ਨਹੀਂ ਜਿਹੋ ਜਿਹੀ ਗੁਰਮਤਿ ਵਿਚ ਦਿਖਾਈ ਦਿੰਦੀ ਹੈ। ਸੂਫ਼ੀਆਂ ਵਿਚ 'ਮਜ਼ਹਬਾਂ ਦੇ ਦਰਵਾਜ਼ੇ ਉੱਪਰ ਰਾਹ ਰਬਾਨਾ ਮੋਰੀ ਹੂੰ, ਮੁੱਲਾਂ ਅਤੇ ਮੁਲਾਣਿਆਂ ਕੋਲੋਂ ਛਿਪ-ਛਿਪ ਲੰਘਦੇ ਚੋਰੀ ਹੂੰ', ਵਾਲੀ ਤਾਂਘ ਹੋਣ ਕਰਕੇ ਰੱਬ ਦਾ ਦੀਦਾਰ ਤਾਂ ਹੈ ਪਰ ਦਰਸ਼ਨ ਨਹੀਂ। ਇਸੇ ਕਰਕੇ ਗੁਰਬਾਣੀ 'ਧੁਰ ਦੀ ਬਾਣੀ' ਹੈ ਤੇ ਸੂਫ਼ੀ ਕਲਾਮ 'ਫ਼ਕੀਰੀ ਬੋਲ' ਹਨ। ਪਰ ਫਿਰ ਵੀ ਅਧਿਆਤਮਕ ਸਾਂਝ ਕਰਕੇ ਗੁਰੂ ਨਾਨਕ ਪਾਤਿਸ਼ਾਹ ਨੇ ਸੂਫ਼ੀ ਦਰਵੇਸ਼

ਬਾਬਾ ਫਰੀਦ ਦੇ ਫ਼ਕੀਰੀ ਬੋਲਾਂ ਨੂੰ ਸੀਨੇ ਨਾਲ ਲਾਇਆ ਤੇ ਗੁਰੂ ਅਰਜਨ ਪਾਤਿਸ਼ਾਹ ਨੇ ਧੁਰ ਕੀ ਬਾਣੀ ਦਾ ਅੰਗ ਬਣਾਇਆ। ਸਮੁੱਚੇ ਤੌਰ 'ਤੇ ਵੇਖਿਆ ਜਾਵੇ ਗੁਰਮਤਿ ਅਤੇ ਸੂਫ਼ੀਮਤ ਦੋਹਾਂ ਦੀ ਮੰਜ਼ਿਲ ਇਕ ਹੈ, ਰਾਹ ਭਾਵੇਂ ਨਿਆਰੇ ਹਨ।

ਟਿੱਪਣੀਆਂ ਤੇ ਹਵਾਲੇ

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮਾਰੂ ਮਹਲਾ ੧, ਪੰਨਾ 1041.
2. ਭਾਈ ਗੁਰਦਾਸ ਜੀ, ਵਾਰ 1.23.
3. ਇਕੋ ਕਿਸਮ ਦੇ ਧਾਰਮਿਕ-ਸਮਾਜਿਕ ਵਿਵਸਥਾ (Unitary Type of Society) ਉਹ ਹੈ ਜਿਥੇ ਕੱਟੜਵਾਦੀ ਰਵੱਈਆ, ਇਕ ਪਾਸੜ ਵਿਚਾਰਧਾਰਾ, ਮਨੁੱਖੀ ਆਤਮਾ ਦਾ ਸਦੀਵੀ ਅਭਾਵ, ਮਨੁੱਖ ਆਜ਼ਾਦੀ ਦੀ ਦਮਨਕਾਰੀ ਤੇ ਆਤਮਿਕ ਸਰੋਕਾਰਾਂ ਦਾ ਥਾਂ ਦਾਨਵੀ ਬਿਰਤੀ, ਮਨੁੱਖੀ ਜਾਤੀ ਦੇ ਹਰ ਸਮੂਹ, ਹਰ ਕਰਤੱਵ, ਹਰ ਵਿਚਾਰ, ਹਰ ਸੁਪਨੇ ਤੇ ਭਾਰੂ ਹੋ ਕੇ ਨੱਕ-ਨਕੇਲ ਪਾਉਂਦੀ ਹੋਵੇ।
4. ਬਹੁ-ਵਿਧ ਸਮਾਜਿਕ ਵਿਵਸਥਾ (Pluralistic Society) ਸਮਾਜ ਮਨੁੱਖੀ ਵਿਅਕਤਿੱਤਵ ਤੇ ਮਨੁੱਖੀ ਆਤਮਾ ਨੂੰ ਪ੍ਰਭੂਸੱਤਾ ਸੰਪੰਨ, ਪੂਰਨ ਸੁਤੰਤਰ ਅਧਿਕਾਰ ਪ੍ਰਾਪਤ ਸਵੀਕਾਰ ਕਰਨਾ ਹੈ।
5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਰਾਮਕਲੀ ਮਹਲਾ ੩, ਪੰਨਾ 922.
6. ਉਹੀ, ਗਉੜੀ ਮਹਲਾ ੫, ਪੰਨਾ 294.
7. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1986, ਪੰਨੇ 102-03.
8. ਸੱਯਦ ਅਬੁਲ ਆਲਾ ਮੌਦੂਦੀ, 'ਕੁਰਆਨ ਮਜੀਦ' (ਅਨੁਵਾਦ ਤੇ ਟੀਕਾ), ਪੰਜਾਬੀ ਇਸਲਾਮਿਕ ਪਬਲੀਕੇਸ਼ਨ, ਮਲੇਰਕੋਟਲਾ, 2013 (ਚੌਥਾ ਐਡੀਸ਼ਨ), ਪੰਨਾ 614.
9. ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ, ਪੰਨੇ 1349-50.
10. ਸਲੋਕ ਸੇਖ ਫ਼ਰੀਦ ਕੇ, ਪੰਨਾ 1381.
11. ਕਪੂਰ ਸਿੰਘ (ਸਿਰਦਾਰ), 'ਸਾਚੀ ਸਾਖੀ', ਨਵਯੁਗ ਪਬਲਿਸ਼ਰ ਦਿੱਲੀ, 1979, ਪੰਨਾ 53.
12. ਉਹੀ, ਰਾਮਕਲੀ ਮਹਲਾ ੧, ਪੰਨਾ 930.
13. ਉਹੀ, ਗਉੜੀ ਮਹਲਾ ੫, ਪੰਨਾ 292.
14. ਉਹੀ, ਸਿਰੀ ਰਾਗੁ ਮਹਲਾ ੧, ਪੰਨਾ 23.
15. ਉਹੀ, ਮਾਝ ਮਹਲਾ ੩, ਪੰਨਾ 124.
16. ਉਹੀ, ਮਾਝ ਮਹਲਾ ੪, ਪੰਨਾ 102.
17. ਉਹੀ, ਸਲੋਕ ਫਰੀਦ ਕੇ, ਪੰਨਾ 1378.
18. ਉਹੀ, ਜਪੁ ਜੀ, ਪੰਨਾ 4.
19. R.A.Nicholson, *Studies in Islamic Mysticism*, Idarh-I-Adabiyat-I-Delli, Delhi, 1976, p. 83.
20. ਉਹੀ, ਆਸਾ ਮਹਲਾ ੧, ਪੰਨਾ 466.

21. ਭਾਈ ਵੀਰ ਸਿੰਘ (ਸੰਪਾ.), ਪੁਰਾਤਨ ਜਨਮ ਸਾਖੀ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1959, ਸਾਖੀ ਨੰ. 41.
22. R.A.Nicholson, *op.cit.,* pp. 84-85.
23. ਉਹੀ, ਆਸਾ ਮਹਲਾ ੧, ਪੰਨਾ 463.
24. ਭਾਈ ਗੁਰਦਾਸ, ਵਾਰ, 26.2.
25. ਉਹੀ, ਮਲਾਰ ਮਹਲਾ ੧, ਪੰਨਾ 1274.
26. ਉਹੀ, ਮਾਰੂ ਮਹਲਾ ੫, ਪੰਨਾ 1078.
27. R.A.Nicholson, *The Idea of Personality*, Idarh-I-Adabiyat-I-Delli, Delhi, 1976, p. 14.
28. ਉਹੀ, ਭੈਰਉ ਮਹਲਾ ੧, ਪੰਨਾ 1153.
29. ਉਹੀ, ਆਸਾ ਮਹਲਾ ੨, ਪੰਨਾ 463.
30. ਉਹੀ, ਸਵੱਈਏ ਮਹਲੇ ਚਉਥੇ ਕੇ, ਪੰਨਾ 1399.
31. ਉਹੀ, ਆਸਾ ਮਹਲਾ ੪, ਪੰਨਾ 442.
32. (a) *Twasin of Mansur-Al- Halaj* (Translated by) Aisha AbdAr- Rahaman At-Tujumana, The Ta-Sin of the Prophetic Lamp (1.1).

    (b) ਪ੍ਰੋ. ਸ਼ਿਆਮ ਮਨੋਹਰ ਪਾਂਡੇ, 'ਸੂਫ਼ੀ ਮਨਸੂਰ ਹੱਲਾਜ ਕੀ ਵਾਣੀ' (ਕਿਤਾਬੁਤਵਾਸੀਨ ਕਾ ਹਿੰਦੀ ਅਨੁਵਾਦ), ਸਾਹਿਤਯ ਭਵਨ ਅਲਾਹਾਬਾਦ ਪ੍ਰਾ. ਲਿਮ. 1976, ਅਧਿਆਇ ਪਹਿਲਾ।
33. ਹਵਾਲਾ, ਕਪੂਰ ਸਿੰਘ (ਸਿਰਦਾਰ), ਸਾਚੀ ਸਾਖੀ, ਪੰਨਾ 44.
34. ਉਹੀ, ਆਸਾ ਮਹਲਾ ੧, ਪੰਨਾ 351.
35. 'Twasin of Mansur-Al- Halaj', *Ibid*. The Ta-Sin of Before Endless Time and Equivocation (6.1)
36. ਮਾਝ ਸ੍ਰੀ ਮੁਖਵਾਕ ਪਾਤਸ਼ਾਹੀ ੧੦, ਸ਼ਬਦਾਰਥ ਦਸਮ ਗ੍ਰੰਥ ਸਾਹਿਬ (ਪੋਥੀ ਤੀਜੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 1235.
37. ਸ੍ਰੀ ਗੁਰੂ ਗ੍ਰੰਥ ਸਾਹਿਬ, ਮਾਝ ਮਹਲਾ ੧, ਪੰਨਾ 140-41.
38. ਈਮਾਨ ਦਿਗਰ-ਵ ਕੇਸ਼ੋ ਮੁਹੱਬਤ ਦਿਗਰਸਤ।

    ਪੈਗ਼ੰਬਰੇ ਇਸ਼ਕ ਨ ਅਜਮ ਅਸਤ ਨ ਅਰਬ ਅਸਤ।
39. Saiyid Athar Abbas Rizvi, *A History of Sufism in India,* (Vol. I), Munshiram Manoharlal Publishers, 2012 (Reprint), p. 373.

ਸਿੱਖ ਵਿਰਾਸਤ ਦੀ ਸਾਂਭ ਸੰਭਾਲ
(ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਵਿਸ਼ੇਸ਼ ਸੰਦਰਭ ਵਿੱਚ)

ਸਲਿੰਦਰ ਸਿੰਘ

ਮਹਾਨਕੋਸ਼ ਅਨੁਸਾਰ ਵਿਰਾਸਤ ਤੋਂ ਭਾਵ ਵਿਰਸੇ ਵਿੱਚ ਆਈ ਵਸਤੂ ਜਾਂ ਬਾਪ ਦਾਦੇ ਦੀ ਜਾਇਦਾਦ ਤੋਂ ਹੈ।1 ਵਿਰਸੇ ਵਿੱਚ ਨਾ ਸਿਰਫ ਜਾਇਦਾਦ ਹੀ ਗ੍ਰਹਿਣ ਕੀਤੀ ਜਾਂਦੀ ਹੈ ਬਲਕਿ ਵਿਸ਼ਵਾਸ਼, ਰੀਤੀ-ਰਿਵਾਜ, ਸੱਭਿਆਚਾਰ, ਕਲਾ, ਸਾਹਿਤ ਆਦਿ ਵੀ ਸਹਿਜ-ਸੁਭਾਅ ਪ੍ਰਾਪਤ ਹੋ ਜਾਂਦੇ ਹਨ। ਕਿਸੇ ਵੀ ਕੌਮ ਦਾ ਇਤਿਹਾਸ ਸਿਰਜਣ ਲਈ ਉਕਤ ਨੂੰ ਕਤੱਈ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿਸ ਕੌਮ ਦਾ ਵਿਰਸਾ ਜਿੰਨਾ ਅਮੀਰ ਹੁੰਦਾ ਹੈ ਉਤਨਾ ਹੀ ਉਸ ਦਾ ਸੱਭਿਆਚਾਰ ਅਮੀਰ ਹੁੰਦਾ ਹੈ। ਇਸ ਲਈ ਮਨੁੱਖ ਦੁਆਰਾ ਆਰੰਭ ਤੋਂ ਹੀ ਆਪਣੀ ਵਿਰਾਸਤ ਨੂੰ ਸੰਭਾਲਣ ਦਾ ਜਤਨ ਚੱਲਦਾ ਆ ਰਿਹਾ ਹੈ। ਖਾਸ ਕਰਕੇ ਆਪਣੇ ਧਾਰਮਿਕ ਪੈਗੰਬਰਾਂ, ਸੂਰਬੀਰਾਂ, ਜੋਧਿਆਂ, ਲੋਕ-ਨਾਇਕਾਂ ਅਤੇ ਨੇਤਾਵਾਂ ਦੀਆਂ ਨਿਸ਼ਾਨੀਆਂ ਸਾਂਭਣਾ ਹਰ ਇੱਕ ਕੌਮ ਆਪਣਾ ਗੌਰਵ ਸਮਝਦੀ ਹੈ।

ਸਿੱਖ ਕੌਮ ਦਾ ਇਤਿਹਾਸ ਪੰਜ ਸੌ ਵਰ੍ਹੇ ਤੋਂ ਕੁਝ ਵਧੇਰੇ ਪੁਰਾਣਾ ਹੈ। ਦਸ ਗੁਰੂ ਸਾਹਿਬਾਨ ਤੋਂ ਇਲਾਵਾ ਉਨ੍ਹਾਂ ਦੇ ਸੰਦੇਸ਼ 'ਤੇ ਚੱਲ ਕੇ ਮਨੁੱਖਤਾ ਦੇ ਕਲਿਆਣ ਲਈ ਸ਼ਹੀਦ ਹੋਣ ਵਾਲੇ ਗੁਰਸਿੱਖਾਂ ਦੇ ਕਾਰਨਾਮਿਆਂ ਅਤੇ ਸ਼ਹਾਦਤਾਂ ਦੀ ਗਵਾਹੀ ਭਰਦੀਆਂ ਕਈ ਅਨਮੋਲ ਨਿਸ਼ਾਨੀਆਂ ਸਾਡੇ ਪਾਸ ਮੌਜੂਦ ਹਨ। ਸਿੱਖ ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ-ਸ਼ਸਤਰ, ਬਸਤਰ, ਬਰਤਨ ਆਦਿ ਸਿੱਖ ਪੰਥ ਵਿੱਚ ਬੜੀ ਸ਼ਰਧਾ ਤੇ ਸਤਿਕਾਰ ਦਾ ਸਥਾਨ ਰੱਖਦੇ ਹਨ। ਸਿੱਖ ਵਿਰਾਸਤ ਦੀ ਅਨੋਖੀ ਪਛਾਣ ਵਿੱਚ ਸ਼ਸ਼ਤਰ ਦਾ ਵਿਸ਼ੇਸ਼ ਸਥਾਨ ਰਿਹਾ ਹੈ। ਸਿੱਖ ਧਰਮ ਦੀ ਵਿਰਾਸਤ ਵਿੱਚ ਸ਼ਸਤਰ ਦਾ ਪ੍ਰਯੋਗ ਜ਼ਾਲਮਾਂ ਅਤੇ ਹੱਕ ਖੋਹਣ ਵਾਲਿਆਂ ਦੇ ਖਿਲਾਫ ਹੋਇਆ ਹੈ। ਇਸ ਕਰਕੇ ਹੀ ਸਿੱਖ ਪੰਥ ਵਿੱਚ ਸ਼ਸਤਰਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਸ਼ਸਤਰਾਂ ਦੇ ਨਾਲ-ਨਾਲ ਗੁਰੂ ਸਾਹਿਬਾਨ ਨਾਲ ਸਬੰਧਤ ਹੋਰ ਇਤਿਹਾਸਕ ਵਸਤਾਂ ਜਿਵੇਂ- ਬਰਤਨ, ਵਸਤਰ, ਜੋੜੇ ਆਦਿ ਹਾਲੇ ਵੀ ਸਿੱਖ ਸੰਸਥਾਵਾਂ ਤੇ ਕੁਝ ਗੁਰਸਿੱਖ ਪਰਵਾਰਾਂ ਨੇ ਸੰਭਾਲ ਕੇ ਰੱਖੇ ਹੋਏ ਹਨ। ਇਹ ਪਵਿੱਤਰ ਵਸਤਾਂ ਜਿੱਥੇ ਸਿੱਖਾਂ ਦੇ ਮਾਣ-ਮੱਤੇ ਇਤਿਹਾਸ ਦੀ ਗਵਾਹੀ ਭਰਦੀਆਂ ਹਨ ਉਥੇ ਸਿੱਖਾਂ ਦੇ ਗੁਰੂ ਸਾਹਿਬਾਨ ਦੇ ਪ੍ਰਤੀ ਅਥਾਹ ਪਿਆਰ, ਸਤਿਕਾਰ ਅਤੇ ਸ਼ਰਧਾ ਦੀ ਵੀ ਸਾਹਦੀ ਭਰਦੀਆਂ ਹਨ।

ਭਾਂਵੇ ਕਿ ਜੰਗਾਂ/ਯੁਧਾਂ ਅਤੇ ਹੋਰ ਮੁਸੀਬਤਾਂ ਵਿੱਚ ਸਿੱਖ ਪੰਥ ਦਾ ਅਮੁੱਲਾ ਖਜ਼ਾਨਾ (ਗੁਰ ਵਸਤਾਂ, ਇਤਿਹਾਸਕ ਗ੍ਰੰਥ, ਨਿਸ਼ਾਨੀਆਂ ਆਦਿ) ਨਸ਼ਟ ਹੋ ਗਿਆ ਹੈ ਪਰੰਤੂ ਜੋ ਕੁਝ ਬਚਿਆ ਹੈ ਉਸ ਵਿਰਾਸਤ ਨੂੰ ਸਾਂਭਣ ਦਾ ਮੌਕਾ ਅਜੇ ਸਾਡੇ ਪਾਸ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਦੀ ਸੰਪੂਰਨ ਜਾਣਕਾਰੀ ਨੂੰ ਇਕੱਠਾ ਕਰਨ ਦਾ ਖੋਜ- ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਸਿੱਖ ਕੌਮ ਦੀ ਇਸ ਵਡਮੁੱਲੀ ਵਿਰਾਸਤ ਨੂੰ ਸਾਂਭਣ ਲਈ ਇਹ ਪ੍ਰੋਜੈਕਟ ਬਹੁਤ ਹੀ ਮਹੱਤਵ ਪੂਰਨ ਹੈ ਕਿਉਂਕਿ ਇਸ ਬਾਰੇ ਹਾਲੇ ਤੱਕ ਕੋਈ ਵਿਧੀਵਤ ਰੂਪ ਵਿੱਚ

ਵਿਵਰਣ ਜਿਸ ਵਿੱਚ ਇਨ੍ਹਾਂ ਵਸਤਾਂ ਦਾ ਆਕਾਰ, ਲੰਬਾਈ-ਚੌੜਾਈ, ਨਾਪ-ਤੋਲ, ਰੰਗ-ਰੂਪ, ਧਾਤੂ, ਕੱਪੜਾ, ਇਨ੍ਹਾਂ ਉੱਪਰ ਉਕਰੀਆਂ ਕਲਾ-ਕ੍ਰਿਤੀਆਂ ਜਾਂ ਲਿਖਤ ਆਦਿ ਬਾਰੇ ਕੋਈ ਭਰੋਸੇ ਯੋਗ ਅਧਿਐਨ ਨਹੀਂ ਹੋਇਆ। ਇਸ ਤੋਂ ਇਲਾਵਾ ਹੇਠ ਲਿਖੇ ਕੁਝ ਕਾਰਨ ਵੀ ਇਸ ਕਾਰਜ ਦੀ ਮਹੱਤਤਾ ਨੂੰ ਦਰਸਾਉਂਦੇ ਹਨ:-

- ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਬਾਰੇ ਨਾ ਤਾਂ ਸਾਡੇ ਕੋਲ ਕੋਈ ਪ੍ਰਮਾਣਿਕ ਗ੍ਰੰਥ ਹੈ ਅਤੇ ਨਾ ਹੀ ਕੋਈ ਲੇਖਾ-ਜੋਖਾ ਹੈ, ਜਿਸ ਤੋਂ ਸਾਨੂੰ ਇਹਨਾਂ ਦੇ ਮੌਜੂਦਾ ਸਥਾਨ ਅਤੇ ਇਤਿਹਾਸ ਦਾ ਪਤਾ ਲੱਗ ਸਕੇ।
- ਕੁਝ ਵਿਦਵਾਨਾਂ ਨੇ ਭਾਂਵੇ ਇਕਾ-ਦੁਕਾ ਕਾਰਜ ਇਸ ਨਾਲ ਸਬੰਧਿਤ ਕੀਤੇ ਹਨ ਪਰੰਤੂ ਕੋਈ ਤਸੱਲੀ-ਬਖਸ਼ ਕਾਰਜ ਨਹੀਂ ਹੋਇਆ ਜਿਸ ਨਾਲ ਇਹਨਾਂ ਦੇ ਰੂਪ, ਦਿਖ, ਪ੍ਰਮਾਣਿਕਤਾ ਆਦਿ ਦਾ ਪਤਾ ਲੱਗ ਸਕੇ।
- ਇਹਨਾਂ ਦੀ ਸਹੀ ਢੰਗ ਨਾਲ ਸਾਂਭ-ਸੰਭਾਲ ਨਾਂ ਹੋਣ ਕਾਰਨ ਇਹਨਾਂ ਇਤਿਹਾਸਕ ਵਸਤਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ।
- ਇਹਨਾਂ ਵਿੱਚੋਂ ਕਈ ਵਸਤਾਂ ਅਲੋਪ ਜਾਂ ਬਿਲਕੁਲ ਨਸ਼ਟ ਹੋ ਗਈਆਂ ਹਨ। ਜਦੋਂ ਅਸੀਂ ਪੁਰਾਤਨ ਗ੍ਰੰਥਾਂ ਦਾ ਅਧਿਐਨ ਕਰਦੇ ਹਾਂ ਤਾਂ ਉਥੇ ਵਿੱਚ ਕਈ ਗੁਰ-ਵਸਤਾਂ ਦਾ ਉਲੇਖ ਵੀ ਮਿਲਦਾ ਹੈ ਤੇ ਉਹਨਾਂ ਦੀ ਮੌਜੂਦਗੀ ਦੀ ਜਾਣਕਾਰੀ ਵੀ ਮਿਲਦੀ ਹੈ ਪਰੰਤੂ ਜਦ ਮੌਕੇ 'ਤੇ ਜਾ ਕੇ ਦੇਖਦੇ ਹਾਂ ਤਾਂ ਉਹ ਵਸਤਾਂ ਉਸ ਸਥਾਨ 'ਤੇ ਨਾਂ-ਮਾਤਰ ਹੀ ਮੌਜੂਦ ਹੁੰਦੀਆਂ ਹਨ।
- ਕੁਝ ਪਰਿਵਾਰਾਂ ਨੇ ਇਹਨਾਂ ਵਸਤਾਂ ਦੀ ਸਾਂਭ-ਸੰਭਾਲ ਦੀ ਖਾਤਰ ਸੇਵਾ ਤਾਂ ਕਰਾਉਣੀ ਚਾਹੀ ਪਰ ਬੇ-ਸਮਝੀ ਕਾਰਨ ਮਾਹਿਰਾਂ ਦੀ ਮੱਦਦ ਦੀ ਬਜਾਇ ਆਮ ਕਾਰੀਗਰਾਂ ਤੋਂ ਕੰਮ ਕਰਵਾ ਲਿਆ ਜਿਸ ਨਾਲ ਫਾਇਦਾ ਨਹੀਂ ਸਗੋਂ ਜ਼ਿਆਦਾ ਨੁਕਸਾਨ ਹੋ ਗਿਆ।
- ਸਿੱਖ ਗੁਰੂ ਸਾਹਿਬਾਨ ਦੇ ਆਪਣੇ ਹੱਥੀਂ ਲਿਖੇ ਕਈ ਹੁਕਮਨਾਮੇ ਫਰੇਮ ਕਰਨ ਵਾਲਿਆਂ ਨੇ ਗੱਤੇ ਜਾਂ ਲੱਕੜੀ ਨਾਲ ਚਿਪਕਾ ਦਿੱਤੇ ਜਿਸ ਨਾਲ ਉਹਨਾਂ ਦੇ ਪਿੱਛੇ (ਮੋਹਰ, ਤਰੀਖ, ਸਥਾਨ, ਹਵਾਲਾ ਆਦਿ) ਜੋ ਕੁਝ ਲਿਖਿਆ ਸੀ ਉਹ ਲੁਪਤ ਹੋ ਗਿਆ।
- ਐਸੀਆਂ ਉਦਾਹਰਣਾਂ ਵੀ ਸਾਹਮਣੇ ਆਈਆਂ ਹਨ ਕਿ ਕਈ ਜਗ੍ਹਾ ਤੋਂ ਤਾਂ ਇਹ ਵਸਤਾਂ ਚੋਰੀ ਜਾਂ ਲੁਪਤ ਹੋ ਗਈਆਂ ਹਨ, ਚੁਨਾਂਚਿ ਇਨ੍ਹਾਂ ਨੂੰ ਲੱਭਣ ਦਾ ਕੋਈ ਯਤਨ ਨਹੀਂ ਕੀਤਾ ਜਾ ਰਿਹਾ।
- ਕਈ ਥਾਵਾਂ 'ਤੇ ਇਹਨਾਂ ਨੂੰ ਜਾਣ-ਬੁਝ ਕੇ ਨਸ਼ਟ ਕੀਤਾ ਗਿਆ ਜਿਵੇਂ 1984 ਵਿੱਚ ਕਈ ਗੁਰਦੁਆਰਿਆਂ ਜਾਂ ਸਿੱਖੀ ਦੇ ਨਾਲ ਸਬੰਧਿਤ ਸਥਾਨਾਂ 'ਤੇ ਹਮਲੇ ਕੀਤੇ ਗਏ ਜਿਸ ਦੇ ਫਲਸਰੂਪ ਕਈ ਵਸਤਾਂ ਅੱਗ ਵਿੱਚ ਸੜ ਕੇ ਖਤਮ ਹੋ ਗਈਆਂ।
- ਕੁਝ ਪਰਿਵਾਰਾਂ ਨੇ ਇਹਨਾਂ ਗੁਰ-ਵਸਤਾਂ ਦੇ ਦਰਸ਼ਨ ਕਰਵਾ ਕੇ ਭੇਟਾ ਦੇ ਵਜੋਂ ਪੈਸਾ ਕਮਾਉਣਾ ਸ਼ੁਰੂ ਕੀਤਾ ਹੋਇਆ ਹੈ। ਇਸ ਸੂਰਤ ਵਿੱਚ ਉਹ ਇਹਨਾਂ ਪਵਿੱਤਰ ਗੁਰ-ਵਸਤਾਂ ਨੂੰ ਇੱਕ ਕਾਰ/ਜੀਪ ਵਿੱਚ ਲੱਦ ਕੇ ਪਿੰਡਾਂ, ਸ਼ਹਿਰਾਂ, ਮੇਲਿਆਂ ਆਦਿ 'ਤੇ ਦਰਸ਼ਨ ਕਰਵਾਉਂਦੇ ਫਿਰਦੇ ਹਨ। ਰੋਜ਼ ਸਫਰ ਕਰਦੇ ਰਹਿਣ ਅਤੇ ਵਾਰ-ਵਾਰ ਹੱਥ ਲੱਗਣ ਨਾਲ ਇਹਨਾਂ ਗੁਰ-ਵਸਤਾਂ ਦੀ

ਦਿੱਖ ਦਾ ਬਹੁਤ ਨੁਕਸਾਨ ਹੋ ਰਿਹਾ ਹੈ।

ਉਮੀਦ ਹੈ ਕਿ ਇਸ ਖੋਜ-ਕਾਰਜ ਦੀ ਸੰਪੂਰਨਤਾ ਉਪਰੰਤ ਅਸੀਂ ਸਿੱਖ ਵਿਰਾਸਤ ਦੇ ਇਸ ਅਨਮੋਲ ਖਜਾਨੇ ਬਾਰੇ ਪ੍ਰਮਾਣਿਕ ਜਾਣਕਾਰੀ ਇਕੱਤਰ ਕਰਨ ਵਿੱਚ ਸਫਲ ਹੀ ਨਹੀਂ ਹੋ ਸਕਾਂਗੇ ਬਲਕਿ ਇਨ੍ਹਾਂ ਨੂੰ ਆਧੁਨਿਕ ਢੰਗ-ਤਰੀਕੇ ਨਾਲ ਸਾਂਭ ਕੇ ਰੱਖਣ ਬਾਰੇ ਸਿੱਖ-ਪੰਥ ਨੂੰ ਜਾਗਰੂਕ ਵੀ ਕਰ ਸਕਾਂਗੇ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਪ੍ਰਕਾਰ ਦੀ ਅਣਹੋਣੀ ਤੋਂ ਬਚਿਆ ਜਾ ਸਕੇ ਅਤੇ ਗੁਰੂ ਸਾਹਿਬਾਨ ਦੀ ਇਸ ਪਵਿੱਤਰ ਵਿਰਾਸਤੀ ਯਾਦ ਨੂੰ ਹਮੇਸ਼ਾ ਲਈ ਸੰਭਾਲ ਕੇ ਰੱਖਿਆ ਜਾ ਸਕੇ। ਉਪਰੋਕਤ ਉਦੇਸ਼ ਨੂੰ ਮੱਦੇ-ਨਜ਼ਰ ਰੱਖਦੇ ਹੋਏ ਇਹ ਪ੍ਰੋਜੈਕਟ ਆਰੰਭ ਕੀਤਾ ਗਿਆ ਹੈ। ਜਿੱਥੇ-ਜਿੱਥੇ ਵੀ ਇਹ ਗੁਰ-ਵਸਤਾਂ ਪ੍ਰਾਪਤ ਹਨ, ਉਹਨਾਂ ਸਥਾਨਾਂ 'ਤੇ ਜਾ ਕੇ ਇਨ੍ਹਾਂ ਬਾਰੇ ਪੂਰੀ ਪੁਛ-ਪੜਤਾਲ ਕੀਤੀ ਜਾਂਦੀ ਹੈ ਤੇ ਇਨ੍ਹਾਂ ਵਸਤਾਂ ਦੇ ਆਕਾਰ, ਰੰਗ-ਰੂਪ, ਨਾਪ-ਤੋਲ ਆਦਿ ਬਾਰੇ ਮੁਕੰਮਲ ਜਾਣਕਾਰੀ ਗ੍ਰਹਿਣ ਕੀਤੀ ਜਾਂਦੀ ਹੈ। ਜਿਸ ਸੰਸਥਾ ਜਾਂ ਪਰਿਵਾਰ ਪਾਸ ਇਹ ਵਸਤਾਂ ਉਪਲਬਧ ਹਨ, ਉਨ੍ਹਾਂ ਪਾਸ ਇਨ੍ਹਾਂ ਵਸਤਾਂ ਬਾਰੇ ਪ੍ਰਾਪਤ ਜਾਣਕਾਰੀ ਨੂੰ ਕੈਮਰੇ ਉੱਤੇ ਰਿਕਾਰਡ ਵੀ ਕੀਤਾ ਜਾਂਦਾ ਹੈ।

ਇਸ ਖੋਜ-ਪ੍ਰੋਜੈਕਟ ਨੂੰ ਅਕਾਦਮਿਕ ਦ੍ਰਿਸ਼ਟੀ ਤੋਂ ਨਿਪੁੰਨਤਾ ਸਹਿਤ ਨੇਪਰੇ ਲਾਉਣ ਲਈ ਅਜਿਹੀ ਖੋਜ-ਵਿਧੀ ਅਪਣਾਈ ਗਈ ਹੈ ਜਿਸ ਵਿੱਚ ਇਹਨਾਂ ਵਸਤਾਂ ਦੀ ਪ੍ਰਮਾਣਿਕਤਾ ਦਾ ਸਹੀ ਪਤਾ ਕਰਨ ਲਈ ਸਭ ਤੋਂ ਪਹਿਲਾਂ ਅਸੀਂ ਇਹਨਾਂ ਵਸਤਾਂ ਦੀ ਇਤਿਹਾਸਕ ਅਤੇ ਮੌਖਿਕ ਪ੍ਰੰਪਰਾ ਨਾਲ ਰੂ-ਬ-ਰੂ ਹੋਣ ਦੀ ਕੋਸ਼ਿਸ਼ ਕਰਦੇ ਹਾਂ। ਗੁਰੂ ਸਾਹਿਬਾਨ ਦੀਆਂ ਵਿਰਾਸਤੀ ਨਿਸ਼ਾਨੀਆਂ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਹਿੱਤ ਪੁਰਾਤਨ ਗ੍ਰੰਥਾਂ/ਪੁਸਤਕਾਂ ਦੀ ਪੜਚੋਲ ਕੀਤੀ ਜਾਂਦੀ ਹੈ। ਖੋਜ ਉਪਰੰਤ ਪ੍ਰਾਪਤ ਹੋਏ ਵੇਰਵਿਆਂ ਅਨੁਸਾਰ ਇੱਕ ਸੂਚੀ ਤਿਆਰ ਜਾਂਦੀ ਹੈ। ਇਹਨਾਂ ਇਤਿਹਾਸਕ ਵਸਤਾਂ ਦੀ ਇਤਿਹਾਸਕ ਅਤੇ ਮੌਖਿਕ ਜਾਣਕਾਰੀ ਗ੍ਰਹਿਣ ਕਰਨ ਤੋਂ ਇਲਾਵਾ ਆਧੁਨਿਕ ਤਕਨੀਕ ਨਾਲ ਫੋਟੋਗ੍ਰਾਫੀ ਵੀ ਕੀਤੀ ਜਾਂਦੀ ਹੈ। ਇਸ ਕਾਰਜ ਲਈ ਬਹੁਤ ਹੀ ਆਧੁਨਿਕ ਕੈਮਰੇ ਤੇ ਤਕਨੀਕ ਦੀ ਵਰਤੋਂ ਕੀਤੀ ਜਾ ਰਹੀ ਹੈ ਤਾਂ ਕਿ ਇਹਨਾਂ ਫੋਟੋਆਂ ਨੂੰ ਆਰਕਾਈਵਲ ਮਟੀਰੀਅਲ ਵਜੋਂ ਵਰਤਿਆ ਜਾਵੇ ਅਤੇ ਮਿਊਜ਼ਿਅਮ ਬਣਾਉਣ ਲਈ ਵਰਤਿਆ ਜਾ ਸਕੇ। ਇਸ ਦੇ ਨਾਲ-ਨਾਲ ਇੱਕ ਬਹੁਤ ਹੀ ਉੱਚ-ਕੋਟੀ ਦੀ ਕਿਤਾਬ ਪ੍ਰਕਾਸ਼ਿਤ ਕਰਨ ਦੀ ਯੋਜਨਾ ਹੈ ਤਾਂ ਕਿ ਸੰਪੂਰਨ ਸਿੱਖ ਜਗਤ ਨੂੰ ਇਹਨਾਂ ਦੀਆਂ ਤਸਵੀਰਾਂ ਰਾਹੀਂ ਇਹਨਾਂ ਦੇ ਦਰਸ਼ਨ ਕਰਵਾਏ ਜਾਣ। ਜਿੰਨ੍ਹਾਂ ਪਰਿਵਾਰਾਂ ਨੂੰ ਇਹ ਬਖਸ਼ਿਸ਼ਾਂ ਮਿਲੀਆਂ ਹੋਈਆਂ ਹਨ, ਉਹਨਾਂ ਦੇ ਉਤਰਧਿਕਾਰੀਆਂ ਦੀ ਜ਼ੁਬਾਨੀ ਇਹਨਾਂ ਪਵਿੱਤਰ ਯਾਦਾਂ ਦੇ ਮੌਖਿਕ ਇਤਿਹਾਸ ਨੂੰ ਵੀ ਰਿਕਾਰਡ ਕੀਤਾ ਜਾ ਰਿਹਾ ਹੈ ਤਾਂ ਜੋ ਇਹਨਾਂ ਪਰਿਵਾਰਾਂ ਦੇ ਗੁਰੂ ਪ੍ਰਤੀ ਸ਼ਰਧਾ ਤੇ ਵਿਸ਼ਵਾਸ਼ ਨੂੰ ਦੁਨੀਆਂ ਨਾਲ ਸਾਂਝਾ ਕੀਤਾ ਜਾ ਸਕੇ।

ਜਿਵੇਂ ਕਿ ਅਸੀਂ ਉੱਪਰ ਦੱਸਿਆ ਹੈ ਕਿ ਇਸ ਕਾਰਜ ਵਿੱਚ ਬਹੁਤ ਹੀ ਵਧੀਆ ਢੰਗ ਦੀ ਫੋਟੋ-ਗ੍ਰਾਫੀ ਕੀਤੀ ਜਾਂਦੀ ਹੈ ਤਾਂ ਜੋ ਇਹਨਾਂ ਵਸਤਾਂ ਦੀ ਸਹੀ ਹਾਲਤ ਦਾ ਪਤਾ ਲੱਗ ਸਕੇ ਅਤੇ ਭਵਿੱਖ ਵਿੱਚ ਇਹਨਾਂ ਦੀ ਸਾਂਭ-

ਸੰਭਾਲ ਲਈ ਉਚਿਤ ਯਤਨ ਕੀਤੇ ਜਾ ਸਕਣ। ਇਸ ਕਾਰਜ ਹਿਤ ਜਦੋਂ ਅਸੀਂ ਇਹਨਾਂ ਪਵਿੱਤਰ ਨਿਸ਼ਾਨੀਆਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕਈ ਤਰ੍ਹਾਂ ਦੇ ਖੱਟੇ-ਮਿੱਠੇ ਤਜ਼ਰਬੇ ਹੁੰਦੇ ਹਨ ਜਿੰਨ੍ਹਾਂ ਵਿੱਚੋਂ ਕੁਝ ਆਪ ਜੀ ਨਾਲ ਸਾਂਝੇ ਕਰਨਾ ਜ਼ਰੂਰੀ ਸਮਝਦੇ ਹਾਂ।

- ਇਹਨਾਂ ਗੁਰ-ਵਸਤਾਂ ਦੀ ਫੋਟੋ ਲੈਣ ਜਾਂ ਦਰਸ਼ਨ ਕਰਨ ਲਈ ਕਈ ਵਾਰ ਸ਼ਰਧਾ ਵੱਡੀ ਰੁਕਾਵਟ ਬਣ ਜਾਂਦੀ ਹੈ। ਕਈ ਜਗ੍ਹਾਂ ਤੇ ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਦੇ ਦਰਸ਼ਨ ਸਾਲ ਵਿੱਚ ਇੱਕ ਵਾਰ ਜਿਵੇਂ ਵੈਸਾਖੀ, ਦੀਵਾਲੀ, ਦੁਸਹਿਰਾ ਆਦਿ ਮੌਕੇ ਕਰਵਾਉਣ ਦੀ ਰੀਤ ਹੁੰਦੀ ਹੈ। ਚੁਨਾਂਚਿ ਕਈ ਵਾਰ ਪੂਰਾ ਸਾਲ ਇੰਤਜ਼ਾਰ ਕਰਨਾ ਪੈਂਦਾ ਹੈ।
- ਕੁਝ ਸਥਾਨਾਂ ਤੇ ਗੁਰ-ਵਸਤਾਂ ਨੂੰ ਹੱਥ ਲਗਾਉਣ ਦੀ ਮਨਾਹੀ ਹੁੰਦੀ ਹੈ। ਚੁਨਾਂਚਿ ਇਹਨਾਂ ਵਸਤਾਂ ਦੇ ਆਕਾਰ (ਲੰਬਾਈ, ਚੌੜਾਈ, ਧਾਤ, ਆਦਿ) ਦਾ ਵੇਰਵਾ ਪਤਾ ਕਰਨਾ ਔਖਾ ਹੋ ਜਾਂਦਾ ਹੈ।
- ਜ਼ਿਆਦਾਤਰ ਸਥਾਨਾਂ ਤੇ ਇਹ ਇਤਿਹਾਸਕ ਵਸਤਾਂ ਨੂੰ ਫਰੇਮ ਕਰਕੇ ਜਾਂ ਅਲਮਾਰੀ ਨੂੰ ਤਾਲਾ ਲਗਾ ਕੇ ਇਸ ਤਰ੍ਹਾਂ ਰੱਖਿਆ ਹੁੰਦਾ ਹੈ ਕਿ ਇਹਨਾਂ ਦੀ ਫੋਟੋਗ੍ਰਾਫੀ ਕਰਨੀ ਜਾਂ ਸਹੀ ਹਾਲਤ ਦਾ ਪਤਾ ਲਗਾਉਣਾ ਅਸੰਭਵ ਹੁੰਦਾ ਹੈ।
- ਕਈ ਜਗ੍ਹਾ 'ਤੇ ਮਰਿਯਾਦਾ ਜਾਂ ਪਰੰਪਰਾ ਦਾ ਬਹਾਨਾ ਸੁਣਨ ਨੂੰ ਮਿਲਦਾ ਹੈ ਕਿ ਗੁਰੂ ਜੀ ਦੀ ਇਸ ਨਿਸ਼ਾਨੀ ਦੀ ਫੋਟੋ ਖਿਚਣਾ ਪਾਪ ਹੈ ਜਾਂ ਪਹਿਲਾਂ ਕੇਸੀ ਇਸ਼ਨਾਨ ਕਰਕੇ ਆਉ ਫਿਰ ਦਰਸ਼ਨ ਕਰਵਾਏ ਜਾਣਗੇ। ਕਿਤੇ ਦਰਸ਼ਨੀ ਭੇਟਾ ਵੀ ਰੱਖੀ ਹੁੰਦੀ ਹੈ।
- ਕੁਝ ਪਰਿਵਾਰਾਂ ਪਾਸ ਜਾਈਏ ਤਾਂ ਉਹ ਕਹਿੰਦੇ ਹਨ ਕਿ ਅੱਜ ਸਾਡੇ ਕੋਲ ਵਿਹਲ ਨਹੀਂ ਹੈ ਜਾਂ ਫਿਰ ਅੱਜ ਬਾਬਾ ਜੀ ਘਰ ਨਹੀਂ ਹਨ ਜਦੋਂ ਉਹ ਆਉਣਗੇ ਤਾਂ ਆ ਕੇ ਦਰਸ਼ਨ ਕਰਵਾਉਣਗੇ।
- ਕਈ ਪਰਿਵਾਰ ਜੋ ਬਾਹਰ ਵਿਦੇਸ਼ਾਂ ਵਿੱਚ ਵੱਸਦੇ ਹਨ ਉਹ ਇਹਨਾਂ ਇਤਿਹਾਸਕ ਵਸਤਾਂ ਨੂੰ ਕਿਤੇ ਬੈਂਕ ਲਾਕਰਾਂ ਆਦਿ ਵਿੱਚ ਜ਼ਮਾ ਕਰਵਾ ਕੇ ਗਏ ਹੋਏ ਹਨ।
- ਗੁਰੂ ਸਾਹਿਬ ਦੀਆਂ ਇਹਨਾਂ ਪਵਿੱਤਰ ਨਿਸ਼ਾਨੀਆਂ ਨੂੰ ਮਿਲਦਾ ਮਾਣ-ਸਤਿਕਾਰ ਦੇਖ ਕੇ ਕਈ ਪਰਿਵਾਰਾਂ ਨੇ ਇਹਨਾਂ ਨੂੰ ਪੈਸੇ ਕਮਾਉਣ ਦਾ ਸਾਧਨ ਬਣਾ ਲਿਆ ਹੈ। ਉਹ ਕਈ ਮੇਲਿਆਂ, ਤਿਉਹਾਰਾਂ ਆਦਿ ਤੇ ਇਹਨਾਂ ਇਤਿਹਾਸਕ ਵਸਤਾਂ ਦੇ ਦਰਸ਼ਨ ਕਰਾਉਣ ਲਿਜਾਂਦੇ ਹਨ। ਕੁਝ ਦਾ ਤਾਂ ਵਿਦੇਸ਼ਾਂ ਤੱਕ ਇਸ ਤਰਾਂ ਦਾ ਨੈਟਵਰਕ ਬਣ ਗਿਆ ਹੈ।
- ਕੁਝ ਜਗ੍ਹਾ 'ਤੇ ਕਈ ਲਾਲਚੀ ਲੋਕ ਦੇਖਾ-ਦੇਖੀ ਨਕਲੀ ਵਸਤਾਂ ਰੱਖ ਕੇ ਗੁਰੂ ਸਾਹਿਬਾਨ ਦੇ ਨਾਮ ਨਾਲ ਜੋੜੀ ਜਾ ਰਹੇ ਹਨ।

ਅਧਿਐਨ ਸਬੰਧੀ ਇਸ ਤਰ੍ਹਾਂ ਦੀਆਂ ਕਈ ਹੋਰ ਔਕੜਾਂ ਹਨ ਜਿੰਨ੍ਹਾਂ ਦਾ ਸਾਹਮਣਾ ਇਸ ਖੋਜ-ਕਾਰਜ ਵਿੱਚ ਕਰਨਾ ਪੈ ਰਿਹਾ ਹੈ। ਉਪਰੋਕਤ ਤਜ਼ਰਬਿਆਂ ਦੇ ਸਬੰਧ ਵਿੱਚ ਇੱਕ ਉਦਾਹਰਣ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਬਾਰੇ ਆਪ ਜੀ ਨਾਲ ਸਾਂਝੀ ਕਰਦੇ ਹਾਂ, ਜਿਸ ਤੋਂ ਪਤਾ ਚਲ ਜਾਵੇਗਾ

ਕਿ ਸਿੱਖ ਪੰਥ ਆਪਣੀ ਇਸ ਬਹੁਮੁੱਲੀ ਵਿਰਾਸਤ ਬਾਰੇ ਕਿੰਨਾ ਕੁ ਚੇਤੰਨ ਹੈ।

ਤਖ਼ਤ ਹਜ਼ੂਰ ਸਾਹਿਬ ਮਹਾਂਰਾਸ਼ਟਰ ਦੇ ਨਾਂਦੇੜ ਜ਼ਿਲੇ ਦੇ ਵਿੱਚ ਸ੍ਰੀ ਅਬਿਚਲ ਨਗਰ ਵਿਖੇ ਸੁਸ਼ੋਭਿਤ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਸਾਨੀ ਜੀਵਨ ਦੀਆਂ ਅੰਤਲੀਆਂ ਅਤੇ ਅਤਿ ਰਹੱਸਮਈ ਘੜੀਆਂ ਨਾਲ ਸਬੰਧਤ ਇਹ ਪਵਿੱਤਰ ਅਸਥਾਨ ਸਿੱਖ ਪੰਥ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ। ਇਸ ਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂਤਾ ਗੱਦੀ ਪ੍ਰਦਾਨ ਕਰਕੇ ਅਕਤੂਬਰ 1708 ਈ. ਨੂੰ ਜੋਤੀ-ਜੋਤਿ ਸਮਾਏ ਸਨ। ਪੁਰਾਤਨ ਗ੍ਰੰਥਾਂ ਵਿੱਚ ਅੰਤਿਮ ਸਮੇਂ ਗੁਰੂ ਜੀ ਦੁਆਰਾ ਸਿੱਖਾਂ ਨੂੰ ਦਿੱਤੇ ਗਏ ਉਪਦੇਸ਼ਾਂ ਦਾ ਵੇਰਵਾ ਵੀ ਮਿਲਦਾ ਹੈ। ਸਿੱਖ ਸਿਧਾਂਤਾਂ ਅਤੇ ਗੁਰਮਤਿ ਭਾਵਨਾਵਾਂ ਅਨੁਸਾਰ ਸਿੱਖਾਂ ਲਈ ਤਖ਼ਤ ਇੱਕ ਤਰ੍ਹਾਂ ਖਾਲਸਾ ਜੀ ਦੀਆਂ ਧਾਰਮਿਕ ਰਾਜਧਾਨੀਆਂ ਹਨ।2 ਤਖ਼ਤ ਸਾਹਿਬਾਨ ਦਾ ਦੂਜੇ ਗੁਰਧਾਮਾਂ ਨਾਲੋਂ ਵੱਡਾ ਫਰਕ ਇਹ ਹੈ ਕਿ ਤਖ਼ਤ ਸਾਹਿਬਾਨ ਉੱਪਰ ਧਾਰਮਿਕ ਤੋਂ ਇਲਾਵਾ ਸਮਾਜਿਕ ਤੇ ਰਾਜਨੀਤਿਕ ਮਾਮਲਿਆਂ ਦੇ ਫੈਸਲੇ ਵੀ ਵਿਚਾਰੇ ਜਾਂਦੇ ਹਨ। ਧਾਰਮਿਕ ਰਹੁਰੀਤਾਂ ਅਤੇ ਧਾਰਮਿਕ ਮਰਿਯਾਦਾ ਦੀ ਪਾਲਣਾ ਤੋਂ ਇਲਾਵਾ ਅਦਾਲਤਾਂ ਵਾਂਗ ਏਥੇ ਪੰਥ ਦੇ ਜੱਥਿਆਂ ਅਤੇ ਵੱਡੇ ਤੋਂ ਵੱਡੇ ਲੀਡਰਾਂ ਤੇ ਮੁਖੀਆਂ ਨੂੰ ਤਨਖਾਹਾਂ (ਧਾਰਮਿਕ ਦੰਡ), ਅਪੀਲਾਂ ਅਤੇ ਹੋਰ ਫੈਸਲੇ ਵੀ ਹੁੰਦੇ ਹਨ ਜੋ ਕਿ ਪੰਥਕ ਫੈਸਲੇ ਮੰਨੇ ਜਾਂਦੇ ਹਨ। ਤਖ਼ਤ ਸਾਹਿਬਾਨ ਦੇ ਹੁਕਮਨਾਮੇ ਪੰਥ ਲਈ ਧਾਰਮਿਕ ਹੁਕਮ ਮੰਨੇ ਜਾਂਦੇ ਹਨ। ਤਖ਼ਤ ਸਾਹਿਬਾਨ ਉੱਪਰ ਰਾਜਸੀ ਸ਼ਕਤੀ ਦੇ ਚਿੰਨ੍ਹ ਪਵਿੱਤਰ ਯਾਦਗਾਰੀ ਸ਼ਸਤਰਾਂ ਦੇ ਪ੍ਰਦਰਸ਼ਨ ਵੀ ਲਾਜ਼ਮੀ ਹੁੰਦੇ ਹਨ।3 ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਤੋਂ ਇਲਾਵਾ ਸੂਰਬੀਰ ਸਿੰਘਾਂ ਦੇ ਕਈ ਸ਼ਸਤਰ ਮੌਜੂਦ ਹਨ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਤੋਂ ਬਾਅਦ ਆਰਤੀ ਉਪਰੰਤ ਗੁਰੂ ਸਾਹਿਬ ਦੇ ਪਵਿੱਤਰ ਸ਼ਸਤਰਾਂ ਦੇ ਦਰਸ਼ਨ ਵੀ ਕਰਵਾਏ ਜਾਂਦੇ ਹਨ। ਅਧਿਐਨ ਦੌਰਾਨ ਇਹ ਤੱਥ ਉੱਘੜ ਕੇ ਸਾਹਮਣੇ ਆਇਆ ਕਿ ਇਸ ਸਥਾਨ 'ਤੇ ਮੌਜੂਦ ਸ਼ਸਤਰਾਂ ਦਾ ਵੇਰਵਾ ਤਾਂ ਵੱਖ-ਵੱਖ ਪੁਰਾਤਨ ਗ੍ਰੰਥਾਂ ਵਿੱਚ ਮਿਲਦਾ ਹੈ ਪਰ ਇਹਨਾਂ ਸ਼ਸਤਰਾਂ ਸਬੰਧੀ ਵੱਖ-ਵੱਖ ਇਤਿਹਾਸਕ ਗ੍ਰੰਥਾਂ ਵਿੱਚ ਗਿਣਤੀ ਵੱਖ-ਵੱਖ ਹੈ ਜੋ ਕਿ ਬੜੇ ਅਚੰਭੇ ਦਾ ਵਿਸ਼ਾ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਦੁਆਰਾ ਰਚਿਤ ਸ੍ਰੀ ਗੁਰ ਤੀਰਥ ਸੰਗ੍ਰਹਿ (ਸੰਨ 1883-ਸੰਮਤ 1940) ਵਿਚ ਇਹਨਾਂ ਸ਼ਸਤਰਾਂ ਦਾ ਵੇਰਵਾ ਇਸ ਪਰਕਾਰ ਹੈ4:

1. ਬੰਦੂਖ ਤੋੜੇਦਾਰ
2. ਤਰਕਸ਼ ਤੀਰੋਂ ਤੀਰ ਕਾ ਉਸ ਮੇ ਪੈਂਤੀ ਹੈ।
3. .....
4. ਕਮਾਣਾਂ ਦੋ
5. ਪੁਲਾਦੀ {ਫੌਲਾਦੀ} ਜੜਾਊ ਢਾਲ

6. ਜੜਾਊ ਲੰਬੀ ਤਰਵਾਰ ਕਬਜ਼ੇ ਵਾਲੀ
7. ਸੁਨੈਹਰੀ ਦਸਤੇ ਕੀ ਪੇਸ਼ਕਬਜ਼
8. ਸਰਬਲੋਹ ਕੀ ਸ਼ਾਂਗ
9. ਬਟੂਆ ਮੇ ਕੰਘਾ ਕੇਸ
10. ਭਗਵਤੀ ਕਾ ਤ੍ਰਿਸ਼ੂਲ ਜਿਸ ਕੋ ਦੁਸਹਿਰੇ ਦੀਪ ਮਾਲਾ ਮੋ ਮਾਲਾ ਜਿਗਾ ਕਲਗੀ ਪਹਿਰਾਈ ਜਾਤੀ ਹੈ।

ਉਪਰੋਕਤ ਸੂਚੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਦੀ ਗਿਣਤੀ 9 ਬਣਦੀ ਹੈ। ਲੱਗਦਾ ਹੈ ਲੇਖਕ ਤੋਂ ਲਿਖਦੇ ਸਮੇਂ ਜਾਂ ਤਾਂ 'ਤਿੰਨ' ਨੰਬਰ ਲਿਖਣਾ ਰਹਿ ਗਿਆ ਜਾਂ ਫਿਰ 'ਤਿੰਨ' ਨੰਬਰ ਦੇ ਸ਼ਸਤਰ ਦਾ ਵੇਰਵਾ ਪਾਉਣਾ ਭੁੱਲ ਗਿਆ। ਉਪਰੋਕਤ ਲੇਖਕ ਨੇ ਇਸ ਵਿੱਚ ਗਿਣਤੀ ਤਾਂ ਦੱਸ ਦਿੱਤੀ ਪਰ ਇਹਨਾਂ ਦੇ ਪੂਰੇ ਵੇਰਵੇ ਦੀ ਘਾਟ ਹੈ। ਇਸ ਤੋਂ ਉਪਰੰਤ ਅਗਲੀ ਸੂਚੀ ਸਾਨੂੰ ਗਿਆਨੀ ਗਿਆਨ ਸਿੰਘ (1824-1884 ਈ:) ਦੇ ਗੁਰਧਾਮ ਸੰਗ੍ਰਹਿ ਵਿੱਚ ਵਿੱਚ ਮਿਲਦੀ ਹੈ।5 ਇਸ ਮੁਤਾਬਿਕ ਗੁਰੂ ਗੋਬਿੰਦ ਸਿੰਘ ਦੇ ਹੇਠ ਲਿਖੇ ਸ਼ਸਤਰ ਤਖ਼ਤ ਸਾਹਿਬ 'ਤੇ ਸ਼ੁਸ਼ੋਭਿਤ ਹਨ:-

1. ਬੰਦੂਖ ਤੋੜੇਦਾਰ
2. ਦੋ ਤਰਕਸ਼ ਜਿੰਨ੍ਹਾਂ ਵਿੱਚ ਪੈਂਤੀ ਤੀਰ ਹਨ।
3. ਦੋ ਕਮਾਣਾਂ
4. ਇਕ ਢਾਲ ਜੜਾਊ ਫੌਲਾਦੀ
5. ਇਕ ਤਲਵਾਰ ਲੰਬੀ ਜੜਾਊ ਕਬਜ਼ੇ ਵਾਲੀ
6. ਇਕ ਪੇਸ਼ਕਬਜ਼ ਸੁਨੈਹਰੀ
7. ਇਕ ਸਾਂਗ ਸਰਬਲੋਹ ਦੀ
8. ਇਕ ਬਟੂਆ ਕੰਘੇ ਕੇਸਾਂ ਸਮੇਤ
9. ਇਕ ਤ੍ਰਿਸ਼ੂਲ ਜਿਸ ਨੂੰ ਮੁਕਟ ਅਤੇ ਮੋਤੀਆਂ ਦੀ ਮਾਲਾ, ਜਿਗਾ ਕਲਗੀ ਪਹਿਨਾ ਕੇ ਸਜਾ ਧਜਾ ਦੁਸ਼ਹਿਰੇ ਤੇ ਦੀਪਮਾਲਾ ਨੂੰ ਦਰਸ਼ਨ ਕਰਾਉਂਦੇ ਹਨ ਤੇ ਕਈ ਲੋਕ ਉਸਨੂੰ ਮੂਰਤੀ ਭੀ ਸਮਝਦੇ ਹਨ। ਇਹਨਾਂ ਤੋਂ ਬਿਨਾਂ ਵੀਹ ਤੋਪਾਂ, ਪੰਦਰਾਂ ਜੰਬੂਰੇ, ਬੰਦੂਕਾਂ, ਤਲਵਾਰਾਂ, ਤਮੰਚੇ ਆਦਿਕ ਬੇਸ਼ੁਮਾਰ ਸ਼ਸਤਰ ਕੀਮਤੀ ਹੋਰ ਭੀ ਹਨ।

ਗਿਆਨੀ ਗਿਆਨ ਸਿੰਘ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਦੁਆਰਾ ਦਿੱਤਾ ਗਿਆ ਸ਼ਸਤਰਾਂ ਦਾ ਵੇਰਵਾ ਬਿਲਕੁਲ ਇਕੋ ਤਰ੍ਹਾਂ ਦਾ ਹੈ। ਪੰਡਿਤ ਤਾਰਾ ਸਿੰਘ ਨਰੋਤਮ ਦਾ ਦਾਅਵਾ ਹੈ ਕਿ ਉਸ ਨੇ ਇਸ ਕਿਤਾਬ ਵਿੱਚ ਦਿੱਤੇ ਸਭ ਤੀਰਥਾਂ ਦੀ ਯਾਤਰਾ ਕਰਨ ਉਪਰੰਤ ਅੱਖੀਂ ਡਿੱਠਾ ਹਾਲ ਬਿਆਨ ਕੀਤਾ ਹੈ। ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਪਰੋਕਤ ਵੇਰਵਾ ਜਾਂ ਤਾਂ ਬਿਲਕੁਲ ਸਹੀ ਹੈ ਜਾਂ ਫਿਰ ਦੂਜੇ ਵਿਦਵਾਨ ਨੇ ਪਹਿਲੇ ਵਿਦਵਾਨ ਦੀ ਲਿਖਤ ਨੂੰ ਹੀ ਆਧਾਰ ਬਣਾਇਆ ਹੋਵੇ। ਇਸ ਉਪਰੰਤ 1923 ਈ:6 ਵਿੱਚ ਗਿਆਨੀ ਠਾਕੁਰ ਸਿੰਘ (1838 ਤੋਂ 1943 ਈ:) ਦੁਆਰਾ

ਰਚਿਤ ਸ੍ਰੀ ਗੁਰਦੁਆਰੇ ਦਰਸ਼ਨ ਨਾਮ ਦੀ ਲਿਖਤ ਵਿੱਚ ਗੁਰੂ ਸਾਹਿਬ ਜੀ ਦੇ ਪਵਿੱਤਰ ਸ਼ਸਤਰਾਂ ਦਾ ਵੇਰਵਾ ਮਿਲਦਾ ਹੈ। ਇਸ ਪੁਸਤਕ ਦਾ ਕਰਤਾ ਸ਼ਸਤਰਾਂ ਦਾ ਵੇਰਵਾ ਇਸ ਪ੍ਰਕਾਰ ਲਿਖਦਾ ਹੈ:-

1. ਕਰਦ ਅੰਗੀਠੇ ਵਿਚੋਂ ਨਿਕਲੀ
2. ਬੰਦੂਕ ਤੋੜੇਦਾਰ
3. ਤਰਕਸ਼ ਅਰਥਾਤ ਭੱਥੇ ਵਿੱਚ ਤੀਰ 35 ਹਨ
4. ਕਮਾਨ 2
5. ਫੋਲਾਦੀ ਜੜਾਊ ਢਾਲ- 1
6. ਜੜਾਊ ਸ੍ਰੀ ਸਾਹਿਬ ਤਲਵਾਰ 1
7. ਸੁਨਹਿਰੀ ਦਸਤੇ ਪੇਸ਼ ਕਬਜ਼ 1
8. ਸਰਬਲੋਹ ਦੀ ਸੰਮ 1
9. ਬਟੂਏ ਵਿੱਚ ਕੰਘਾ ਅਤੇ ਕੇਸ 2 ਹਜ਼ੂਰੀ
10. ਤ੍ਰਸ਼ੂਲ ਸ਼ਸਤ੍ਰ ਉੱਚਾ 3 ਫੁਟ ਜਿਸ ਨੂੰ 1
ਭਗਵਤੀ ਕਹਿ ਦਰਸ਼ਨ ਕਰਦੇ ਹਨ।

ਏਥੇ ਵਰਨਣਯੋਗ ਗੱਲ ਇਹ ਹੈ ਕਿ ਪਹਿਲੇ ਸ਼ਸਤਰਾਂ ਤੋਂ ਇਲਾਵਾ ਗਿਆਨੀ ਜੀ ਦੋ ਵਾਧੇ ਕਰਦੇ ਹਨ ਕੰਘਾ ਕੇਸਾਂ ਸਮੇਤ ਦੀ ਗਿਣਤੀ ਦੋ ਦੱਸਦੇ ਹਨ ਅਤੇ ਨਾਲ ਹੀ ਇੱਕ ਛੋਟੀ ਕਰਦ (ਸ੍ਰੀ ਸਾਹਿਬ) ਦਾ ਜ਼ਿਕਰ ਕਰਦੇ ਹਨ ਜਿਸ ਨੂੰ ਉਹ ਗੁਰੂ ਜੀ ਦੇ ਅੰਗੀਠੇ ਵਿੱਚੋਂ ਨਿਕਲੀ ਦੱਸਦੇ ਹਨ।7 ਇਸ ਸਬੰਧੀ ਟਿੱਪਣੀ ਕਰਦੇ ਹੋਏ ਲੇਖਕ ਲਿਖਦਾ ਹੈ ਕਿ, "ਕਰਦ ਅੰਗੀਠੇ ਵਿੱਚੋਂ ਨਿਕਲੀ ਇਸ ਮਹਾਂਰਾਜ ਜੀ ਦੀ ਕਰਦ ਦਾ ਜ਼ਿਕਰ ਸੂਰਜ ਪ੍ਰਕਾਸ਼ ਐਨ ਦੂਜੇ ਵਿੱਚ ਵੀ ਆਉਂਦਾ ਹੈ। ਮੈਂ ਦਰਸ਼ਨ 1937 ਮਹੀਨੇ ਫੱਗਣ ਹੋਲੇ ਉੱਤੇ ਦਰਸ਼ਨ ਕੀਤਾ। ਇਹ ਚਾਰ ਐਂਚੀ (ਇੰਚ) ਲੰਬੀ ਹੈ ਦਰਸ਼ਨ ਜ਼ਰੂਰ ਕਰੋ।8" ਇਸ ਟਿੱਪਣੀ ਤੋਂ ਅਨੁਮਾਨ ਲਗਦਾ ਹੈ ਕਿ ਹੋ ਸਕਦਾ ਹੈ ਕਿ ਪੰਡਤ ਤਾਰਾ ਸਿੰਘ ਨਰੋਤਮ ਨੇ ਵੀ ਇਸ ਸ਼ਸਤਰ ਦੇ ਦਰਸ਼ਨ ਕੀਤੇ ਹੋਣ ਪਰ ਲਿਖਣ ਵੇਲੇ ਕੋਈ ਉਕਾਈ ਹੋ ਗਈ ਅਤੇ ਉਹ ਅੰਕ-3. ਲਿਖਣਾ ਰਹਿ ਗਿਆ। ਬਾਕੀ ਸ਼ਸਤਰਾਂ ਦਾ ਵੇਰਵਾ ਉਕਤ ਗ੍ਰੰਥਾਂ ਨਾਲ ਮਿਲਦਾ ਹੈ। ਇਸ ਰਚਨਾ ਤੋਂ ਬਾਅਦ ਹਜ਼ੂਰ ਸਾਹਿਬ ਵਿਖੇ ਸੁਸ਼ੋਭਿਤ ਸ਼ਸਤਰਾਂ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (1930 ਈ:) ਵਿੱਚ ਲਿਖਦੇ ਹਨ ਕਿ ਇਸ ਸਥਾਨ 'ਤੇ ਕਲਗੀਧਰ ਦੇ ਹੇਠ ਲਿਖੇ ਸ਼ਸ਼ਤਰ ਹਨ9:

1. ਚਕ੍ਰ
2. ਚੌੜਾ ਤੇਗਾ
3. ਫੌਲਾਦ ਦੀ ਕਮਾਨ
4. ਘੁਰਜ (ਗੁਰਜ)
5. ਨਾਰਾਚ (ਸਰਬਲੋਹ ਦਾ ਤੀਰ)

6. ਸੁਨਹਿਰੀ ਸ੍ਰੀ ਸਾਹਿਬ ਪੰਜ ਅਤੇ
7. ਸੁਨਹਿਰੀ ਛੋਟੀ ਕ੍ਰਿਪਾਨ ਛੀ ਇੰਚ ਦੀ।

ਹੋਰ ਉਹ ਲਿਖਦੇ ਹਨ ਕਿ ਇਹਨਾਂ ਤੋਂ ਛੁੱਟ ਹੋਰ ਵੀ ਬਹੁਤ ਅਮੋਲਕ ਸ਼ਸਤ੍ਰ, ਜੇਹੇ ਕਿਸੇ ਰਾਜਧਾਨੀ ਦੇ ਸਿਲਹਖਾਨੇ ਵਿੱਚ ਭੀ ਦੇਖੇ ਜਾ ਜਾਂਦੇ ਹਨ, ਜਿਨ੍ਹਾਂ ਵਿੱਚ ਇੱਕ ਵਡਾ ਭਾਰੀ ਮਾਈ ਭਾਗੋ ਦੀ ਸਾਂਗ ਦਾ ਫਲ ਹੈ, ਜਿਸ ਨੂੰ ਅਣਜਾਣ ਅਸ਼ਟਭੁਜੀ ਦੇਵੀ ਆਖਦੇ ਹਨ। ਪਰੰਤੂ ਉਹ ਪਹਿਲਾਂ ਪਰਾਪਤ ਸ਼ਸਤਰਾਂ ਦੇ ਵੇਰਵੇ ਨਾਲ ਮਿਲਦੇ-ਜਲਦੇ ਦੋ-ਤਿੰਨ ਸ਼ਸਤਰਾਂ (ਕਮਾਨ, ਜੜਾਊ ਤਲਵਾਰ, ਫੋਲਾਦੀ ਜੜਾਊ ਢਾਲ, ਸ੍ਰੀ ਸਾਹਿਬ ਛੇ ਇੰਚੀ) ਨੂੰ ਛੱਡ ਬਾਕੀ ਕਿਸੇ ਵੀ ਸ਼ਸ਼ਤਰ ਦਾ ਜ਼ਿਕਰ ਨਹੀਂ ਕਰਦੇ। ਉਹ ਪੁਰਾਤਨ ਸੂਚੀ ਤੋਂ ਵੱਖਰੇ ਇਕ ਚਕਰ, ਚੌੜਾ ਤੇਗਾ, ਗੁਰਜ, ਸਰਬਲੋਹ ਦਾ ਤੀਰ ਅਤੇ ਪੰਜ ਸੁਨਹਿਰੀ ਸ੍ਰੀ ਸਾਹਿਬ ਦਾ ਜ਼ਿਕਰ ਕਰਦੇ ਹਨ। ਪ੍ਰੰਤੂ ਪਹਿਲੇ ਗ੍ਰੰਥਾਂ ਵਿੱਚ ਪ੍ਰਾਪਤ ਸੂਚੀ ਵਿੱਚਲੇ ਹੇਠ ਲਿਖੇ ਸ਼ਸਤਰਾਂ ਦਾ ਜ਼ਿਕਰ ਨਹੀਂ ਕਰਦੇ:

1. ਕਰਦ ਅੰਗੀਠੇ ਵਿਚੋਂ ਨਿਕਲੀ
2. ਬੰਦੂਕ ਤੋੜੇਦਾਰ
3. ਤਰਕਸ਼ ਅਰਥਾਤ ਭੱਥੇ ਵਿੱਚ 35 ਤੀਰ
4. ਕਮਾਨ
5. ਸੁਨਹਿਰੀ ਦਸਤੇ ਵਾਲੀ ਪੇਸ਼ ਕਬਜ਼
6. ਸਰਬਲੋਹ ਦੀ ਸੰਮ
7. ਬਟੂਏ ਵਿੱਚ ਕੰਘਾ ਅਤੇ ਕੇਸ

ਸਾਫ ਜ਼ਾਹਿਰ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਵੇਰਵੇ ਅਨੁਸਾਰ ਉਕਤ ਸ਼ਸਤਰ ਇਸ ਸਥਾਨ 'ਤੇ ਨਹੀਂ ਸਨ, ਜੋ ਕੀ ਬਹੁਤ ਹੀ ਹੈਰਾਨੀ ਭਰਿਆ ਤੇ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਗਿਆਨੀ ਠਾਕੁਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਵੇਰਵੇ ਵਿੱਚ ਇਤਨੀ ਜਿਆਦਾ ਭਿੰਨਤਾ ਦਾ ਕਾਰਨ ਕੀ ਹੈ? ਇਹ ਪ੍ਰਸ਼ਨ ਸਾਡਾ ਸਭ ਦਾ ਧਿਆਨ ਮੰਗਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਉਪਰੰਤ ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਕਿਤਾਬ "ਸਿੱਖਾਂ ਦੇ ਤਾਰੀਖ਼ੀ ਤਬਰੁਕਾਤ" 1991ਈ: ਵਿੱਚ ਤਖਤ ਸਾਹਿਬ ਵਿਖੇ ਦਰਸ਼ਨ ਕਰਵਾਏ ਜਾਂਦੇ ਸ਼ਸਤਰਾਂ ਦਾ ਜ਼ਿਕਰ ਇਸ ਪਕਾਰ ਕੀਤਾ ਹੈ10:

1. ਜੜਾਊ ਤਲਵਾਰ
2. ਸੁਨਹਿਰੀ ਪੇਸ਼ ਕਬਜ਼
3. ਸਾਂਗ
4. ਬੰਦੂਕ
5. ਢਾਲ
6. ਤੀਰ
7. ਕੰਘਾ ਅਤੇ ਕੇਸ।

ਉਪਰੋਕਤ ਲੇਖਕ ਦੀ ਲਿਖਤ ਤਾਂ 1991 ਈ: ਵਿੱਚ ਛਪੀ ਪਰ ਉਸ ਦੁਆਰਾ ਦਿੱਤਾ ਗਿਆ ਵੇਰਵਾ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਦਿੱਤੇ ਗਏ ਵੇਰਵੇ ਨਾਲ ਨਹੀਂ ਮਿਲਦਾ ਸਗੋਂ ਉਹਨਾਂ ਤੋਂ ਪਹਿਲਾਂ ਰਚਿਤ ਗ੍ਰੰਥਾਂ ਨਾਲ ਮਿਲਦਾ ਹੈ। ਇਸ ਵਿੱਚ ਉਹ ਕੰਘਾ ਅਤੇ ਕੇਸਾਂ ਦਾ ਜ਼ਿਕਰ ਕਰਦੇ ਹਨ ਪਰ ਬਟੂਏ ਦਾ ਨਹੀਂ ਕਰਦੇ। ਦੋ ਤਰਕਸ਼ਾਂ ਵਿਚਲੇ 35 ਤੀਰ, ਕਮਾਨ ਅਤੇ ਕਰਦ ਦਾ ਜ਼ਿਕਰ ਵੀ ਨਹੀਂ ਕਰਦੇ। ਇਸ ਤੋਂ ਉਪਰੰਤ ਇਨਸਾਈਕਲੋਪੀਡੀਆ ਆਫ ਸਿਖਿਜ਼ਮ 1992 ਈ: ਵਿੱਚ ਇਹਨਾਂ ਸ਼ਸਤਰਾਂ ਬਾਰੇ ਉਲੇਖ ਹੈ11:

1. ਅ ਛਹਓਕਰਓ ਥੋਟਿ (ਚਕਰ)
2. ਅ ਬਰੋਓਦ ਸੋਰਦ (ਤੇਗਾ)
3. ਅ ਸਟਇਇਲ ਬੋ (ਲੋਹੇ ਦਾ ਕਮਾਨ)
4. ਅ ਸਟਇਇਲ ਓਰਰੋ (ਲੋਹੇ ਦਾ ਤੀਰ)
5. ਅ ਹਇਓਵੇ ਚਲੁਬ ਾਟਿਹ ਓ (ਇਕ ਗੁਰਜ)
   ਲਓਰਗਇ ਸਪਹਇਰਚਿਓਲ ਕਨੋਬ
6. ਅ ਸਮਓਲਲ ਗਲਿਦਇਦ ਕਰਿਪਓਨ (ਛੋਟੀ ਕ੍ਰਿਪਾਨ)
7. ਢਵਿਇ ਗਲਿਦਇਦ ਸੋਰਦਸ (ਪੰਜ ਸੁਨਹਿਰੀ ਕ੍ਰਿਪਾਨਾਂ)

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਨਸਾਈਕਲੋਪੀਡੀਆ ਆਫ ਸਿੱਖਜ਼ਮ ਵਿੱਚ ਦਿੱਤਾ ਗਿਆ ਵੇਰਵਾ ਭਾਈ ਕਾਨ੍ਹ ਸਿੰਘ ਨਾਭਾ ਨਾਲ ਮੇਲ ਖਾਂਦਾ ਹੈ।

ਪ੍ਰੰਤੂ ਹੁਣ ਜਦੋਂ ਅਸੀਂ ਨਵੰਬਰ 1-5, 2013 ਨੂੰ ਤਖ਼ਤ ਸਾਹਿਬ 'ਤੇ ਇਹਨਾਂ ਸ਼ਸਤਰਾਂ ਦੇ ਦਰਸ਼ਨ ਕੀਤੇ ਤਾਂ ਸਿਰਫ਼ ਹੇਠ ਲਿਖੇ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ:

1. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੁਨਹਿਰੀ ਕ੍ਰਿਪਾਨ ਛੋਟੀ (ਦਸਤਾਰ 'ਤੇ ਸਜਾਉਣ ਵਾਲੀ)
2. ਤੀਰ (ਖੱਪਰਾ) ਗੁਰੂ ਗੋਬਿੰਦ ਸਿੰਘ ਜੀ ਦਾ।
3. ਦੋ ਤਲਵਾਰਾਂ ਸ਼ੇਰੇ ਪੰਜਾਬ ਮਹਾਂਰਾਜਾ ਰਣਜੀਤ ਸਿੰਘ ਜੀ ਦੀਆਂ।
4. ਤੇਗਾ ਆਕਾਲੀ ਬਾਬਾ ਫੂਲਾ ਸਿੰਘ ਜੀ ਦਾ।

ਉਲੇਖਨੀਯ ਤੱਥ ਇਹ ਹੈ ਕਿ ਹੁਣ ਜਦੋਂ ਅਸੀਂ ਹਜ਼ੂਰ ਸਾਹਿਬ ਵਿਖੇ ਜਾ ਕੇ ਗੁਰੂ ਸਾਹਿਬ ਦੇ ਸ਼ਸਤਰਾਂ ਦੇ ਦਰਸ਼ਨ ਕਰਦੇ ਹਾਂ ਤਾਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸੁਨਹਿਰੀ ਕ੍ਰਿਪਾਨ ਛੋਟੀ (ਦਸਤਾਰ 'ਤੇ ਸਜਾਉਣ ਵਾਲੀ) ਤੇ ਤੀਰ (ਖੱਪਰਾ) ਦੇ ਹੀ ਦਰਸ਼ਨ ਹੁੰਦੇ ਹਨ। ਨਾਲ ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਦੋ ਤਲਵਾਰਾਂ ਅਤੇ ਆਕਾਲੀ ਫੂਲਾ ਸਿੰਘ ਜੀ ਦੇ ਇੱਕ ਤੇਗੇ ਦੇ ਦਰਸ਼ਨ ਕਰਵਾਏ ਜਾਂਦੇ ਹਨ। ਚੁਨਾਂਚਿ ਪ੍ਰਸ਼ਨ ਇਹ ਉੱਠਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਹੇਠ ਲਿਖੇ ਸ਼ਸਤਰ ਜਿੰਨ੍ਹਾਂ ਦਾ ਜ਼ਿਕਰ ਉਨੀਵੀਂ ਸਦੀ ਦੇ ਆਖੀਰ ਤੇ ਵੀਹਵੀਂ ਸਦੀ ਦੇ ਆਰੰਭ ਵਿੱਚ ਲਿਖੀਆਂ ਕਿਤਾਬਾਂ ਵਿੱਚ ਆਇਆ ਹੈ, ਉਹ ਕਿੱਥੇ ਹਨ? ਉਦਾਹਰਨ ਵਜੋਂ:

- ਚੱਕਰ
- ਗੁਰਜ
- ਬੰਦੂਕ ਤੋੜੇਦਾਰ
- ਤਰਕਸ਼ ਅਰਥਾਤ ਭੱਥਾ ਅਤੇ ਤੀਰ ਜਿਨ੍ਹਾਂ ਦੀ ਗਿਣਤੀ 35 ਸੀ
- ਦੋ ਕਮਾਨ
- ਫੌਲਾਦੀ ਜੜਾਊ ਢਾਲ
- ਜੜਾਊ ਸ੍ਰੀ ਸਾਹਿਬ/ਤਲਵਾਰ
- ਸੁਨਹਿਰੀ ਦਸਤੇ ਵਾਲੀ ਪੇਸ਼ ਕਬਜ਼
- ਸਰਬਲੋਹ ਦੀ ਸੰਮ
- ਬਟੂਆ ਅਤੇ ਇਸ ਵਿਚਲਾ ਗੁਰੂ ਗੋਬਿੰਦ ਸਿੰਘ ਦਾ ਕੰਘਾ ਅਤੇ ਕੇਸ।

ਨਿਰਸੰਦੇਹ ਉਪਰੋਕਤ ਜ਼ਿਕਰ ਕੀਤੀਆਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਸਿੱਖ ਪੰਥ ਦੀ ਬਹੁਮੁੱਲੀ ਵਿਰਾਸਤ ਹੈ ਪਰ ਇਨ੍ਹਾਂ ਦੀ ਮੌਜੂਦਗੀ ਬਾਰੇ ਸੰਦੇਹ ਉਤਪੰਨ ਹੁੰਦਾ ਹੈ। ਕੀ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਤੇ ਜਥੇਦਾਰ ਸਾਹਿਬ ਨੂੰ ਇਨ੍ਹਾਂ ਪਵਿੱਤਰ ਵਸਤਾਂ ਦੀ ਮੌਜੂਦਗੀ ਦਾ ਗਿਆਨ ਨਹੀਂ? ਜੇਕਰ ਇਹ ਉਥੇ ਪ੍ਰਾਪਤ ਹਨ ਤਾਂ ਸਿੱਖ ਪੰਥ ਨੂੰ ਇਨ੍ਹਾਂ ਦੇ ਦਰਸ਼ਨ ਕਿਉਂ ਨਹੀਂ ਕਰਵਾਏ ਜਾਂਦੇ? ਜੇਕਰ ਮੌਜੂਦ ਨਹੀਂ ਤਾਂ ਇਹ ਉਥੋਂ ਕਿਵੇਂ ਤੇ ਕਦੋਂ ਅਲੋਪ ਹੋਏ? ਜੇਕਰ ਇਹ ਉਥੇ ਸੰਭਾਲੇ ਹੋਏ ਹਨ ਤੇ ਇਨ੍ਹਾਂ ਦੀ ਸਾਂਭ-ਸੰਭਾਲ ਕਿਸ ਤਰ੍ਹਾਂ ਦੀ ਹੈ? ਇਤਿਆਦਿਕ ਸਾਰੇ ਪ੍ਰਸ਼ਨਾਂ ਦੀ ਪੜਤਾਲ ਜ਼ਰੂਰੀ ਹੈ। ਜੇਕਰ ਸਿੱਖ ਪੰਥ ਦੇ ਏਨੇ ਮਹੱਤਵਪੂਰਨ ਸਥਾਨ, ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਇਹ ਸ਼ਸ਼ਤਰ ਅਲੋਪ ਹੋ ਸਕਦੇ ਹਨ ਤਾਂ ਬਾਕੀ ਸਥਾਨਾਂ 'ਤੇ ਇਹਨਾਂ ਦੀ ਸੇਵਾ-ਸੰਭਾਲ ਦਾ ਅੰਦਾਜ਼ਾ ਸਹਿਜੇ ਲਗ ਜਾਂਦਾ ਹੈ। ਅਸੀਂ ਪਿਛਲੇ 100 ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਗੁਰੂ ਸਾਹਿਬ ਦੀਆਂ ਇਹਨਾਂ ਯਾਦਗਾਰਾਂ ਦੀ ਕਿੰਨੀ ਸੰਭਾਲ ਕਰ ਸਕੇ ਹਾਂ ਇਸ ਦਾ ਸਿੱਟਾ ਸਾਡੇ ਸਾਹਮਣੇ ਹੈ।

ਟਿੱਪਣੀਆਂ ਤੇ ਹਵਾਲੇ

1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 2011, ਪੰਨਾ 1104.
2. ਗੁਰਦੁਆਰਾ ਗਜ਼ਟ, ਮਾਸਿਕ ਪੱਤ੍ਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਨਵੰਬਰ 1965, ਪੰਨਾ 21.
3. ਉਹੀ, ਪੰਨਾ-20.
4. ਤਾਰਾ ਸਿੰਘ ਨਰੋਤਮ, ਸ੍ਰੀ ਗੁਰ ਤੀਰਥ ਸੰਗ੍ਰਹਿ, ਫਤੇਹ ਟੈਂਪਲ ਪ੍ਰੈੱਸ, ਅੰਬਾਲਾ, 1884, ਪੰਨਾ 168.
5. ਗਿਆਨੀ ਗਿਆਨ ਸਿੰਘ, ਗੁਰਧਾਮ ਸੰਗ੍ਰਹਿ, ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ, ਪੰਨਾ 182.

6. ਗਿਆਨੀ ਠਾਕੁਰ ਸਿੰਘ, ਸ੍ਰੀ ਗੁਰਦਵਾਰੇ ਦਰਸ਼ਨ, ਭਾਈ ਲਾਭ ਸਿੰਘ ਐਂਡ ਸਨਜ਼, ਦਸੰਬਰ 1923 (ਪਹਿਲੀ ਵਾਰ), ਵਜ਼ੀਰ ਹਿੰਦ ਪ੍ਰੈੱਸ, ਅੰਮ੍ਰਿਤਸਰ, ਪੰਨਾ 406.
7. ਉਹੀ, ਪੰਨਾ 407.
8. ਉਹੀ।
9. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਨੈਸ਼ਨਲ ਬੁਕ ਸ਼ਾਪ, ਦਿੱਲੀ, 2011, ਪੰਨਾ 70.
10. ਸ਼ਮਸ਼ੇਰ ਸਿੰਘ ਅਸ਼ੋਕ, ਸਿੱਖਾਂ ਦੇ ਤਾਰੀਖ਼ੀ ਤਬਰੁਕਾਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 7.
11. Harbans Singh, (ed.) Encyclopaedia of Sikhism, vol. III, Punjabi University Patiala, 2004, p 192.

ਸ. ਮਨਮੋਹਨ ਸਿੰਘ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਅਤੇ ਦੇਸ਼ ਦੀ ਵੰਡ ਬਾਰੇ

ਡਾ. ਸੁਰਿੰਦਰ ਕੌਰ ਦੇ ਅਨੁਭਵ

ਸੁਖਪਾਲ ਸਿੰਘ
ਚਰਨਜੀਤ ਸਿੰਘ

ਡਾ.ਸੁਰਿੰਦਰ ਕੌਰ ਦਾ ਜਨਮ ਪਿਤਾ ਸ. ਮਨਮੋਹਨ ਸਿੰਘ ਦੇ ਘਰ ਮਾਤਾ ਅਜਾਇਬ ਕੌਰ ਦੀ ਕੁੱਖੋਂ 1935 ਈ. ਨੂੰ ਖਾਲਸਾ ਕਾਲਜ ਕਲੌਨੀ ਲਾਇਲਪੁਰ (ਅਜੋਕਾ ਫੈਸਲਾਬਾਦ, ਪਾਕਿਸਤਾਨ) ਵਿਖੇ ਹੋਇਆ। ਜਿਕਰਯੋਗ ਹੈ ਕਿ ਡਾ.ਸੁਰਿੰਦਰ ਕੌਰ ਦੇ ਪਿਤਾ ਸਰਦਾਰ ਮਨਮੋਹਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜੀ ਵਿਚ ਟੀਕਾ ਕੀਤਾ ਹੈ। ਡਾ. ਸੁਰਿੰਦਰ ਕੌਰ ਦਾ ਬਚਪਨ ਲਾਇਲਪੁਰ ਸ਼ਹਿਰ ਦੀ ਖਾਲਸਾ ਕਾਲਜ ਕਲੌਨੀ ਵਿਚ ਗੁਜ਼ਰਿਆ। ਉਹ ਛੁੱਟੀਆਂ ਵਿਚ ਆਪਣੇ ਪਿੰਡ ਚੱਕ ਨੰ. 51 (ਨੇੜੇ ਅਬਾਸਪੁਰ ਸ਼ਟੇਸ਼ਨ) ਦੇ ਫਾਰਮ ਹਾਊਸ ਤੇ ਆਪਣੇ ਵੱਡੇ ਮਾਂ ਜੀ ਕੋਲ ਆਪਣੇ ਭਰਾਵਾਂ ਸਮੇਤ ਚਲੇ ਜਾਂਦੇ ਸਨ ਤੇ ਉੱਥੋਂ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿਚ ਰਹਿ ਕੇ ਬਹੁਤ ਖੁਸ਼ ਹੁੰਦੇ। ਉੱਥੋਂ ਦੇ ਜਾਂਗਲੀ ਲੋਕ ਤੇ ਉਨ੍ਹਾਂ ਦਾ ਕਾਰ-ਵਿਹਾਰ ਤੇ ਸੱਭਿਆਚਾਰ ਦਾ ਅਨੁਭਵ ਉਨ੍ਹਾਂ ਦੀ ਸਿਮ੍ਰਤੀ ਵਿਚ ਅਜੇ ਵੀ ਤਾਜਾ ਹਨ। ਬਚਪਨ ਵਿਚ ਉਹ ਆਪਣੇ ਮਾਤਾ ਜੀ ਨਾਲ ਲਾਇਲਪੁਰ ਵਿੱਚ ਖਾਲਸਾ ਕਾਲਜ ਦੇ ਗੁਰਦੁਆਰੇ ਅਤੇ ਮਾਈ ਝੁੱਗੀ ਦੇ ਗੁਰਦੁਆਰੇ ਜਾਂਦੇ ਹੁੰਦੇ ਸਨ। ਡਾ. ਸੁਰਿੰਦਰ ਕੌਰ ਨੇ ਮੁੱਢਲੀ ਪੜ੍ਹਾਈ ਲਾਇਲਪੁਰ ਤੋਂ ਸ਼ੁਰੂ ਕੀਤੀ।। ਡਾ.ਸੁਰਿੰਦਰ ਕੌਰ ਨੇ ਦਸਵੀਂ ਅਤੇ ਵੱਡੇ ਭਰਾ ਨੇ 12ਵੀਂ ਜਮਾਤ ਦੇਸ਼ ਵੰਡ ਉਪਰੰਤ ਨਾਭੇ ਤੋਂ ਪਾਸ ਕੀਤੀ ਕਿਉਂਕਿ ਇਨ੍ਹਾਂ ਦੇ ਪਿਤਾ ਜੀ ਨੂੰ ਜ਼ਾਇਦਾਦ ਦੀ ਕੱਚੀ ਅਲਾਟਮੈਂਟ ਨਾਭੇ ਹੋਈ ਸੀ। ਉਸ ਤੋਂ ਬਾਅਦ ਇਨ੍ਹਾਂ ਨੂੰ ਜ਼ਮੀਨ ਦੀ ਪੱਕੀ ਅਲਾਟਮੈਂਟ ਭਦੌੜ ਅਤੇ ਜਗਰਾਉਂ ਹੋ ਗਈ ਇਸ ਲਈ ਪਰਿਵਾਰ ਮਾਡਲ ਟਾਊਨ ਲੁਧਿਆਣਾ ਆ ਗਿਆ ਤੇ ਉੱਥੋਂ ਹੀ ਮੈਡੀਕਲ ਕਾਲਜ ਤੋਂ ਐੱਫ.ਐੱਸ.ਸੀ. ਪਾਸ ਕੀਤੀ। ਇਨ੍ਹਾਂ ਨੇ ਐਮ.ਬੀ.ਬੀ.ਐੱਸ, ਐੱਮ.ਡੀ. ਕਰਨ ਤੋਂ ਬਾਅਦ ਬਤੌਰ ਸਰਕਾਰੀ ਡਾਕਟਰ ਵਜੋਂ ਅੰਮ੍ਰਿਤਸਰ ਵਿਚ ਨੌਕਰੀ ਕੀਤੀ। ਡਾ. ਸੁਰਿੰਦਰ ਕੌਰ ਦਾ ਵਿਆਹ 1958 ਵਿਚ 23 ਸਾਲ ਦੀ ਉਮਰ ਵਿਚ ਡਾ. ਰਸ਼ਪਾਲ ਸਿੰਘ ਸੰਧੂ (ਜੋ ਅੰਮ੍ਰਿਤਸਰ ਦੇ ਹੱਡੀਆਂ ਦੇ ਮਾਹਿਰ ਡਾਕਟਰ ਹਨ) ਨਾਲ ਹੋਇਆ। ਉਨ੍ਹਾ ਦੇ ਦੋ ਬੱਚੇ ਹਨ ਜੋ ਉੱਚ-ਅਹੁਦਿਆਂ ਤੇ ਸੇਵਾਵਾਂ ਨਿਭਾਅ ਰਹੇ ਹਨ; ਡਾ. ਜਸਪਾਲ ਸਿੰਘ ਸੰਧੂ, ਸੈਕਟਰੀ ਯੂ.ਜੀ.ਸੀ ਅਤੇ ਬੇਟੀ (ਪੀਐੱਚ.ਡੀ. ਹਿਊਮੈੱਨ ਜੈਨੇਟਿਕਸ) ਜੁਆਇੰਟ ਡਾਇਰੈਕਟਰ ਆਫ ਹੈਲਥ ਉਤਰਾਖੰਡ ਹਨ। ਡਾ. ਸੁਰਿੰਦਰ ਕੌਰ ਅੱਜ-ਕੱਲ੍ਹ ਆਪਣੇ ਪਰਿਵਾਰ ਨਾਲ ਅੰਮ੍ਰਿਤਸਰ ਵਿਚ ਰਣਜੀਤ ਐਵਨਿਊ ਵਿਖੇ ਰਹਿ ਰਹੇ ਹਨ।

ਡਾ. ਸੁਰਿੰਦਰ ਕੌਰ ਨਾਲ ਨਿਮਨਲਿਖਤ ਵਾਰਤਾਲਾਪ (Interview) ਦੀ ਵਿਸ਼ੇਸ਼ਤਾ ਇਹ ਹੈ ਕਿ ਜਿੱਥੇ ਉਨ੍ਹਾਂ ਨੇ ਦੇਸ਼ ਵੰਡ ਬਾਰੇ ਆਪਣੇ ਨਿੱਜੀ ਅਨੁਭਵ ਬਿਆਨ ਕੀਤੇ ਹਨ ਉੱਥੇ ਉਨ੍ਹਾਂ ਨੇ ਆਪਣੇ ਪਿਤਾ ਸ. ਮਨਮੋਹਨ ਸਿੰਘ ਦੇ ਜੀਵਨ, ਖਾਸ ਕਰਕੇ ਉਨ੍ਹਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਟੀਕਾ ਕਰਨ ਦੇ

ਨਿਤ-ਪ੍ਰਤੀ ਅਭਿਆਸ ਬਾਰੇ ਕਈ ਪੱਖਾਂ ਉੱਪਰ ਰੌਸ਼ਨੀ ਪਾਈ ਹੈ। ਨਿਮਨਲਿਖਤ ਵਾਰਤਾਲਾਪ (ਇੰਟਰਵਿਊ) ਤੋਂ ਪਤਾ ਚੱਲਦਾ ਹੈ ਕਿ ਸਰਦਾਰ ਮਨਮੋਹਨ ਸਿੰਘ ਦੇ ਪਿਤਾ ਸ. ਰਾਮ ਸਿੰਘ ਫੌਜ ਵਿਚੋਂ ਸੂਬੇਦਾਰ ਮੇਜਰ ਵਜੋਂ ਰਿਟਾਇਰ ਹੋਏ ਸਨ ਅਤੇ ਉਨ੍ਹਾਂ ਨੂੰ ਲਾਇਲਪੁਰ ਜਿਲ੍ਹੇ ਦੇ ਚੱਕ ਨੰ. 41, ਤਹਿ. ਸਮੁੰਦਰੀ ਵਿਖੇ ਜ਼ਮੀਨ ਅਲਾਟ ਹੋਈ। ਉਨ੍ਹਾਂ ਦਾ ਪਿਛਲਾ ਪਿੰਡ ਮੋਹੀ ਜਿਲ੍ਹਾ ਲੁਧਿਆਣਾ ਸੀ। ਰਿਟਾਇਰਮੈਂਟ ਤੋਂ ਬਾਅਦ ਉਹ ਚੱਕ ਨੰ. 41 ਜਿਲ੍ਹਾ ਲਾਇਲਪੁਰ ਵਿਚ ਪੱਕੇ ਤੌਰ ਤੇ ਵੱਸ ਗਏ। ਸਰਦਾਰ ਮਨਮੋਹਨ ਸਿੰਘ ਹੋਰੀਂ ਦੋ ਭਰਾ ਸਨ। ਜਦੋਂ ਇਹ ਤਿੰਨ ਸਾਲ ਦੇ ਹੀ ਸਨ ਤਾਂ ਇਨ੍ਹਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਤੇ ਥੋੜ੍ਹੇ ਚਿਰ ਪਿੱਛੋਂ ਮਾਂ ਦੀ ਵੀ ਮੌਤ ਹੋ ਗਈ। ਸ. ਮਨਮੋਹਨ ਸਿੰਘ ਅਤੇ ਉਨ੍ਹਾਂ ਦੇ ਵੱਡੇ ਭਰਾ ਸ. ਕੇਹਰ ਸਿੰਘ ਨੂੰ ਰਿਸ਼ਤੇਦਾਰਾਂ ਨੇ ਹੀ ਪਾਲਿਆ।ਬਾਅਦ ਵਿਚ ਵੱਡੇ ਭਰਾ ਨੇ ਖੇਤੀਬਾੜੀ ਦਾ ਕੰਮ ਸੰਭਾਲ ਲਿਆ। ਉਨ੍ਹਾਂ ਕੋਲ ਉੱਥੇ ਕਾਫੀ ਮੋਕਲੀ ਜ਼ਮੀਨ ਸੀ। ਸ. ਮਨਮੋਹਨ ਸਿੰਘ ਨੂੰ ਉਨ੍ਹਾਂ ਦੇ ਵੱਡੇ ਭਾਈ ਨੇ ਪੜ੍ਹਾਇਆ। ਉਨ੍ਹਾਂ ਨੇ ਸਕੂਲੀ ਵਿੱਦਿਆ ਖਾਲਸਾ ਕਾਲਜ ਸਕੂਲ ਤੋਂ ਲਈ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ., ਬੀ.ਟੀ. ਤੱਕ ਦੀ ਪੜ੍ਹਾਈ ਕੀਤੀ ਅਤੇ ਖਾਲਸਾ ਕਾਲਜ ਵਿਚ ਹੀ ਅਧਿਆਪਕ ਲੱਗ ਗਏ। ਪ੍ਰਿੰ. ਬਿਸ਼ਨ ਸਿੰਘ ਸਮੁੰਦਰੀ, ਬਾਵਾ ਹਰਕ੍ਰਿਸ਼ਨ ਸਿੰਘ ਆਦਿ ਉਨ੍ਹਾਂ ਦੇ ਵਿਦਿਆਰਥੀ ਸਨ। ਬਾਅਦ ਵਿਚ ਉਨ੍ਹਾਂ ਨੇ ਲਾਅ ਦੀ ਪੜ੍ਹਾਈ ਕਰਕੇ ਵਕਾਲਤ ਸ਼ੁਰੂ ਕੀਤੀ ਤੇ ਲਾਇਲਪੁਰ ਦੇ ਨਾਮੀ ਵਕੀਲ ਬਣ ਗਏ। ਸਰਦਾਰ ਮਨਮੋਹਨ ਸਿੰਘ ਨੇ ਦੋ ਵਿਆਹ ਕਰਵਾਏ ,ਪਹਿਲੀ ਪਤਨੀ ਵਿਚੋਂ ਤਿੰਨ ਬੇਟੀਆਂ- ਗੁਰਦਿਆਲ ਕੌਰ, ਗੁਰਬਚਨ ਕੌਰ, ਹਰਭਜਨ ਕੌਰ ਸਨ ਅਤੇ ਦੂਸਰੇ ਵਿਆਹ ਵਿੱਚੋਂ ਉਨ੍ਹਾਂ ਦੇ ਘਰ ਚਾਰ ਬੱਚੇ- ਡਾ. ਖੁਸ਼ਦਰਸ਼ਨ ਸਿੰਘ, ਡਾ. ਸੁਰਿੰਦਰ ਕੌਰ, ਡਾ. ਇੰਦਰਜੀਤ ਸਿੰਘ ਤੇ ਡਾ. ਗੁਰਦਰਸ਼ਨ ਸਿੰਘ ਪੈਦਾ ਹੋਏ। ਉਨ੍ਹਾਂ ਆਪਣੇ ਬੱਚਿਆਂ ਨੂੰ ਉੱਚ-ਪੱਧਰ ਦੀ ਤਾਲੀਮ ਦਿਵਾਈ।

ਸ. ਮਨਮੋਹਨ ਸਿੰਘ ਨੇ ਵਕਾਲਤ ਦੇ ਕਿੱਤੇ ਵਿਚ ਬਹੁਤ ਮਿਹਨਤ ਕੀਤੀ ਤੇ ਇਸ ਕਮਾਈ ਨਾਲ ਚੱਕ ਨੰ: 51 ਰੱਖ ਬ੍ਰਾਂਚ (ਨੇੜੇ ਅਬਾਸਪੁਰ ਸ਼ਟੇਸ਼ਨ) ਜਿਲ੍ਹਾ ਲਾਇਲਪੁਰ ਵਿਚ 11 ਮੁਰੱਬੇ ਦੇ ਕਰੀਬ ਆਪਣੀ ਜ਼ਮੀਨ ਖਰੀਦ ਲਈ ਤੇ ਇੱਥੇ ਇੱਕ ਫਾਰਮ ਹਾਊਸ ਵੀ ਬਣਾਇਆ ਸੀ। ਪਾਕਿਸਤਾਨ ਬਣਨ ਉਪਰੰਤ ਸ. ਮਨਮੋਹਨ ਸਿੰਘ ਨੂੰ ਆਪਣੀ ਜ਼ਾਇਦਾਦ ਦੀ ਕੱਚੀ ਅਲਾਟਮੈਂਟ ਨਾਭੇ ਨੇੜੇ ਹੋ ਗਈ ਤੇ ਨਾਭੇ ਸ਼ਹਿਰ ਵਿਚ ਇਨ੍ਹਾਂ ਨੂੰ ਇੱਕ ਕੱਚਾ ਮਕਾਨ ਜੋ ਕਿਸੇ ਮੁਸਲਮਾਨ ਤੇਲੀ ਦਾ ਖ਼ਾਲੀ ਹੋਇਆ ਸੀ ਮਿਲ ਗਿਆ। ਇਸ ਵਿਚ ਇੱਕ ਵੱਡਾ ਦਲਾਨ (ਹਾਲ) ਸੀ ਜਿਸ ਵਿਚ ਇੱਕ ਪਾਸੇ ਕੋਹਲੂ ਲੱਗਾ ਹੋਇਆ ਸੀ ਤੇ ਬਾਕੀ ਜਗ੍ਹਾ ਪਰਿਵਾਰ ਦੇ ਰਿਹਾਇਸ਼ ਲਈ ਸੀ। ਇਸ ਵਿਚ ਇੱਕ ਛੋਟਾ ਜਿਹਾ ਵਿਹੜਾ,ਇੱਕ ਰਸੋਈ ਤੇ ਪਾਣੀ ਲਈ ਇੱਕ ਨਲਕਾ ਵੀ ਸੀ। ਦੇਸ਼ ਵੰਡ ਤੋਂ ਪਹਿਲਾਂ ਸ.ਮਨਮੋਹਨ ਸਿੰਘ ਦਾ ਪਰਿਵਾਰ ਬਹੁਤ ਵਧੀਆ ਜ਼ਿੰਦਗੀ ਜੀਅ ਰਿਹਾ ਸੀ ਪਰ ਪਾਕਿਸਤਾਨ ਬਣਨ ਨਾਲ ਸਾਰੀ ਜ਼ਮੀਨ ਤੇ ਜ਼ਾਇਦਾਦ ਉੱਧਰ ਰਹਿ ਗਈ ਜਿਸ ਕਰਕੇ ਉਨ੍ਹਾਂ ਨੂੰ ਬੜੀ ਗ਼ਰੀਬੀ ਅਤੇ ਤੰਗੀ ਦੇ ਦਿਨ ਦੇਖਣੇ ਪਏ। ਇਸ ਬਿਪਤਾ ਦੇ ਸਮੇਂ ਕਈ ਨਜ਼ਦੀਕੀ ਰਿਸ਼ਤੇਦਾਰਾਂ ਨੇ ਵੀ ਮੂੰਹ ਮੋੜ ਲਿਆ ਸੀ ਪਰ ਇਨ੍ਹਾਂ ਹਾਲਤਾਂ ਦੇ ਬਾਵਜੂਦ ਸ. ਮਨਮੋਹਨ ਸਿੰਘ ਨੇ ਹੌਂਸਲਾ ਨਾ ਛੱਡਿਆ। ਨਾਭੇ ਉਨ੍ਹਾਂ ਦਾ ਇੱਕ ਪੁਰਾਣਾ ਵਿਦਿਆਰਥੀ ਏ.ਐੱਸ.ਆਈ. (ਥਾਨੇਦਾਰ) ਲੱਗਾ ਸੀ, ਉਸ ਨੇ ਉਨ੍ਹਾਂ ਦੀ ਬਹੁਤ ਮਦਦ ਕੀਤੀ। ਭਾਰਤ ਆ ਕੇ ਸ. ਮਨਮੋਹਨ ਸਿੰਘ ਦਾ ਮਨ ਉਪਜੀਵਕਾ ਕਮਾਉਣ ਤੋਂ ਬਿਲਕੁਲ ਉਚਾਟ ਹੋ ਗਿਆ। ਉਨ੍ਹਾ ਦਾ

ਕਹਿਣਾ ਸੀ ਕਿ, "ਦੇਸ਼ ਦੀ ਵੰਡ ਤੋਂ ਪਹਿਲਾਂ ਏਨਾਂ ਪੈਸਾ ਕਮਾਇਆ ਜੇ ਉਹ ਨਹੀਂ ਰਿਹਾ ਤੇ ਹੋਰ ਵੀ ਕੋਈ ਕੰਮ ਨਹੀਂ ਆਇਆ ਤਾਂ ਹੁਣ ਕਮਾਈ ਕਰਕੇ ਕੀ ਕਰਨਾ ਹੈ"। ਉਨ੍ਹਾਂ ਜਿਸ ਖੇਤਰ ਵਿਚ ਵੀ ਕੰਮ ਕੀਤਾ ਬਹੁਤ ਲ਼ਗਨ ਤੇ ਮਿਹਨਤ ਨਾਲ ਉਸ ਕੰਮ ਵੱਲ ਧਿਆਨ ਦਿੱਤਾ। ਉਹ ਅੰਗਰੇਜੀ, ਫ਼ਾਰਸੀ, ਸੰਸਕ੍ਰਿਤ, ਪੰਜਾਬੀ ਅਤੇ ਉਰਦੂ ਦੇ ਵਿਦਵਾਨ ਸਨ। ਸ. ਮਨਮੋਹਨ ਸਿੰਘ ਦਾ ਸ਼ੁਰੂ ਤੋਂ ਹੀ ਗੁਰਬਾਣੀ ਵਿਚ ਬਹੁਤ ਵਿਸ਼ਵਾਸ਼ ਸੀ, ਉਂਝ ਉਹ ਧਾਰਮਿਕ ਬਿਰਤੀ ਜਾਂ ਪਾਠ-ਪੂਜਾ ਕਰਨ ਵਾਲੇ ਵਿਅਕਤੀ ਨਹੀਂ ਸਨ।

ਨਾਭੇ ਵਿੱਚ ਰਿਹਾਇਸ਼ ਦੌਰਾਨ ਉਨ੍ਹਾਂ ਨੇ ਆਪਣਾ ਸਾਰਾ ਧਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਟੀਕਾ ਕਰਨ ਵੱਲ ਕੇਂਦ੍ਰਿਤ ਕੀਤਾ। ਨਾਭੇ ਦੇ ਇਸ ਕੱਚੇ ਮਕਾਨ ਵਿਚ ਹੀ ਉਨ੍ਹਾ ਨੇ ਮੰਜੇ ਉੱਪਰ ਬੈਠ ਕੇ ਟੀਕਾ ਲਿਖਣਾ ਆਰੰਭ ਕੀਤਾ। ਜਦੋਂ ਉਨ੍ਹਾ ਨੇ ਟੀਕਾ ਕਰਨਾ ਸ਼ੁਰੂ ਕੀਤਾ ਤਾਂ ਇਸ ਕੰਮ ਲਈ ਜ਼ਰੂਰੀ ਕੋਸ਼, ਸ਼ਬਦਕੋਸ਼ ਅਤੇ ਹੋਰ ਕਿਤਾਬਾਂ ਜੋ ਉਨ੍ਹਾਂ ਦੇ ਇਸ ਕੰਮ ਵਿਚ ਸਹਾਇਕ ਸਨ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਤੇ ਪੁਰਾਣੇ ਸ਼ਗਿਰਦਾਂ ਨੇ ਉਨ੍ਹਾਂ ਨੂੰ ਮੁਹੱਈਆਂ ਕਰਵਾਈਆਂ ਕਿਉਂਕਿ ਉਨ੍ਹਾਂ ਕੋਲ ਇਸ ਸਮੇਂ ਕਿਤਾਬਾਂ ਖਰੀਦਣ ਲਈ ਵੀ ਪੈਸੇ ਨਹੀਂ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਇਸ ਟੀਕੇ ਨੂੰ ਅੱਠ ਜਿਲਦਾਂ ਵਿੱਚ ਬੜੀ ਮਿਹਨਤ ਅਤੇ ਸਿਰੜ ਨਾਲ ਸੰਪੂਰਨ ਕੀਤਾ ਜੋ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਅਮਰ ਕਾਰਜ ਹੈ। ਉਨ੍ਹਾ ਨੇ ਆਰਥਿਕ ਤੰਗੀਆਂ ਦੇ ਬਾਵਜੂਦ ਵੀ ਇਸ ਟੀਕੇ ਦੀਆਂ ਪਹਿਲੀਆਂ ਦੋ ਜਿਲਦਾਂ ਨੂੰ ਆਪ ਪ੍ਰਕਾਸ਼ਿਤ ਕਰਵਾਇਆ। ਉਹ ਸਾਰੇ ਟੀਕੇ ਨੂੰ ਆਪਣੇ ਵੱਲੋਂ ਪ੍ਰਕਾਸ਼ਿਤ ਕਰਵਾ ਕੇ ਭੇਟਾ ਰਹਿਤ ਦੇਣਾ ਚਾਹੁੰਦੇ ਸਨ ਪਰ ਆਰਥਿਕ ਤੰਗੀਆਂ ਕਰਕੇ ਉਹ ਅਜਿਹਾ ਨਹੀਂ ਕਰ ਸਕੇ ਅਤੇ ਇਹ ਟੀਕਾ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਛਪਵਾਉਣ ਲਈ ਦੇ ਦਿੱਤਾ।

ਡਾ. ਸੁਰਿੰਦਰ ਕੌਰ ਨਾਲ ਉਪਰੋਕਤ ਸਾਰੇ ਪੱਖਾਂ ਬਾਰੇ ਹੋਈ ਵਾਰਤਾਲਾਪ ਪਾਠਕਾਂ ਦੀ ਜਾਣਕਾਰੀ ਹਿੱਤ ਹੂ-ਬਾ-ਹੂ ਨਿਮਨਲਿਖਤ ਪੇਸ਼ ਕੀਤੀ ਜਾ ਰਹੀ ਹੈ;

ਪ੍ਰ. ਤੁਹਾਡਾ ਪੂਰਾ ਨਾਮ ਕੀ ਹੈ?

ਉ. ਮੇਰਾ ਪੂਰਾ ਨਾਮ ਸੁਰਿੰਦਰ ਕੌਰ ਸੰਧੂ ਹੈ।

ਪ੍ਰ. ਜਨਮ ਸਮੇਂ ਵੀ ਤੁਹਾਡਾ ਨਾਮ ਤੇ ਗੋਤ ਇਹੋ ਸੀ?

ਉ. ਨਹੀਂ, ਜਨਮ ਤੋਂ ਇਹ ਨਹੀਂ ਸੀ ਸੁਰਿੰਦਰ ਕੌਰ ਥਿੰਦ ਸੀ। ਵਿਆਹ ਤੋਂ ਬਾਅਦ ਸੁਰਿੰਦਰ ਕੌਰ ਸੰਧੂ।

ਪ੍ਰ. ਸੰਧੂ ਤੁਹਾਡੇ ਸਾਹੁਰਾ ਪਰਿਵਾਰ ਦੀ ਗੋਤ ਸੀ?

ਉ. ਹਾਂ ਜੀ।

ਪ੍ਰ. ਤੁਹਾਡਾ ਕੋਈ ਛੋਟਾ ਨਾਮ ਹੈ?

ਉ. ਮੇਰੇ ਪਿਤਾ ਮੈਨੂੰ ਛਿੰਦੀ ਕਿਹਾ ਕਰਦੇ ਸੀ ਪਰ ਆਮ ਨਹੀਂ ਪਿਆਰ ਨਾਲ ਕਈ ਦਫਾ ਛਿੰਦੀ ਬੁਲਾ ਲਿਆ ਕਰਦੇ ਸੀ।

ਪ੍ਰ. ਤੁਹਾਡੇ ਮਾਤਾ ਪਿਤਾ ਦਾ ਨਾਮ ਕੀ ਸੀ?

ਉ. ਸਰਦਾਰਨੀ ਅਜਾਇਬ ਕੌਰ, ਸਰਦਾਰ ਮਨਮੋਹਨ ਸਿੰਘ।

ਪ੍ਰ. ਤੁਹਾਡਾ ਜਨਮ ਕਿੱਥੇ ਹੋਇਆ ਸੀ?

ਉ. ਲਾਇਲਪੁਰ (ਪਾਕਿਸਤਾਨ) 1935 ਵਿੱਚ ਖਾਲਸਾ ਕਾਲਜ ਦੇ ਕੋਲ ਇਕ ਕਲੌਨੀ ਸੀ ਖਾਲਸਾ ਕਾਲਜ ਕਲੌਨੀ, ਉਥੇ ਹੋਇਆ। ਉਸ ਵਕਤ ਮੇਰੇ ਪਿਤਾ ਜੀ ਵਕੀਲ ਸਨ।

ਪ੍ਰ. ਤੁਸੀਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਕਿੰਨਾ ਕੁ ਜਾਣਦੇ ਹੋ?

ਉ. ਦਾਦਾ ਜੀ ਬਾਰੇ ਮੇਰੇ ਪਿਤਾ ਜੀ ਵੀ ਨਹੀਂ ਜਾਣਦੇ ਮੈਂ ਸਿਰਫ ਆਪਣੇ ਪਿਤਾ ਜੀ ਬਾਰੇ ਜਾਣਦੀ ਹਾਂ ਕਿ ਉਨ੍ਹਾਂ ਦੀ ਸਿਰਫ 3 ਸਾਲ ਉਮਰ ਸੀ ਜਦੋਂ ਉਨ੍ਹਾਂ ਦੇ ਪਿਤਾ ਜੀ ਗੁਜ਼ਰ ਗਏ ਸਨ ਤੇ ਇਹ ਦੋ ਜਣੇ ਹੀ ਰਹਿ ਗਏ ਸੀ, ਮੇਰੇ ਪਿਤਾ ਤੇ ਇਨ੍ਹਾਂ ਦੇ ਵੱਡੇ ਭਰਾ ਜੀ ਤੇ ਇਨ੍ਹਾਂ ਦੀ ਭੈਣ ਕੋਈ ਨਹੀਂ ਸੀ, ਇਨ੍ਹਾਂ ਨੂੰ ਰਿਸ਼ਤੇਦਾਰਾਂ ਨੇ ਹੀ ਪਾਲਿਆ ਸੀ ਪਰ ਇਨ੍ਹਾਂ ਕੋਲ ਜ਼ਮੀਨ ਸੀ ਤੇ ਰਿਸ਼ਤੇਦਾਰਾਂ ਕੋਲ ਰਹਿ ਕੇ ਹੀ ਪਲੇ ਸਨ।

ਪ੍ਰ. ਕੀ ਤੁਸੀਂ ਇਸ ਤੋਂ ਵੀ ਪਿਛੋਕੜ ਆਪਣੇ ਪੜਦਾਦਾ ਜੀ ਬਾਰੇ ਜਾਣਦੇ ਹੋ?

ਉ. ਨਹੀਂ, ਪਰ ਮੇਰੇ ਪਿਤਾ ਜੀ ਅਸਲ ਵਿੱਚ ਪਿਛੋਂ ਲੁਧਿਆਣੇ ਜਿਲ੍ਹੇ ਦੇ ਮੋਹੀ ਪਿੰਡ ਵਿੱਚ ਵੱਸਦੇ ਸਨ, ਲਾਇਲਪੁਰ ਤਾਂ ਉਦੋਂ ਜਾ ਕੇ ਵੱਸੇ ਸੀ ਜਦੋਂ ਮੇਰੇ ਦਾਦਾ ਜੀ ਨੂੰ ਜਗੀਰ ਮਿਲੀ।

ਪ੍ਰ. ਤੁਸੀ ਆਪਣੀਆਂ ਕਿੰਨੀਆਂ ਪੁਸ਼ਤਾਂ ਬਾਰੇ ਜਾਣਦੇ ਹੋ।

ਉ. ਮੈ ਆਪਣੇ ਪਿਤਾ ਜੀ ਨੂੰ ਜਾਣਦੀ ਹਾਂ ਜਾਂ ਆਪਣੇ ਤਾਇਆ ਜੀ ਨੂੰ ਦੇਖਿਆ ਹੋਇਆ। ਸਾਡਾ ਪਰਿਵਾਰ ਬਹੁਤ ਛੋਟਾ ਹੈ ਰਿਸ਼ਤੇਦਾਰੀ ਬਹੁਤ ਘੱਟ ਹੈ। ਮੇਰੇ ਪਿਤਾ ਜੀ ਦੱਸਦੇ ਸੀ ਕਿ ਮੇਰੇ ਦਾਦਾ ਜੀ ਸੂਬੇਦਾਰ ਸਨ ਜੇ.ਸੀ.ਓ. ਪੋਸਟ ਤੇ, ਦਾਦੀ ਜੀ ਘਰੇਲੂ ਪਤਨੀ ਸੀ, ਵੈਸੇ ਮੇਰੇ ਪਿਤਾ ਜੀ ਨੂੰ ਬਹੁਤਾ ਯਾਦ ਨਹੀਂ ਕਿ ਉਹ ਕਿਵੇਂ ਦੇ ਸੀ।

ਪ੍ਰ. ਤੁਸੀ ਆਪਣੇ ਪਿਤਾ ਜੀ ਬਾਰੇ ਦੱਸੋ ਕਿ ਉਨ੍ਹਾਂ ਦਾ ਕੀ ਕਿੱਤਾ ਸੀ ਤੇ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਵੱਲ ਉਨ੍ਹਾ ਦਾ ਰੁਝਾਨ ਕਿਵੇਂ ਬਣਿਆ।

ਉ. ਮੇਰੇ ਪਿਤਾ ਜੀ ਬਹੁਤ ਮਲਟੀਫੈਸਟਡ (ਬਹੁ-ਪੱਖੀ ਸਖਸ਼ੀਅਤ) ਸੀ। ਇਹ ਮੈਂ ਦੇਖਿਆ ਨਹੀਂ ਜੋ ਮੈਂ ਸੁਣਿਆਂ, ਵੇਸੈ ਉਹ ਇਥੇ ਹੀ ਖਾਲਸਾ ਸਕੂਲ, ਖਾਲਸਾ ਕਾਲਜ ਅੰਮ੍ਰਿਤਸਰ 'ਚ ਹੀ ਪੜ੍ਹੇ ਨੇ। ਉਨ੍ਹਾਂ ਇਥੇ ਹੀ ਬੀ.ਏ ਅਤੇ ਫਿਰ ਬੀ.ਟੀ ਕੀਤੀ। ਪਹਿਲਾਂ ਅਧਿਆਪਕ ਰਹੇ ਸਕੂਲ 'ਚ ਮੇਰਾ ਖਿਆਲ ਲਾਇਲਪੁਰ ਤੇ ਨਨਕਾਣਾ ਸਾਹਿਬ ।ਇਹ ਜਿਹੜੇ ਬਿਸ਼ਨ ਸਿੰਘ ਸਮੁੰਦਰੀ ਵਗੈਰਾ ਨੇ ਇਹ ਉਨ੍ਹਾ ਦੇ ਵਿਦਿਆਰਥੀ ਸੀ ਤਾਂ ਹੀ ਬਾਅਦ ਵਿੱਚ ਇਹ ਉਨ੍ਹਾਂ ਦੇ ਕੌਨਟੈਕਟ ਵਿੱਚ ਰਹੇ, ਤੇ ਆਪ ਦੇ ਉਨ੍ਹਾ ਦਿਨਾ ਵਿੱਚ ਪ੍ਰਿੰਸੀਪਲ ਬਾਵਾ ਹਰਕ੍ਰਿਸ਼ਨ ਸਿੰਘ ਕਾਫੀ ਮਸ਼ਹੂਰ ਸਨ ਉਨ੍ਹਾਂ ਨਾਲ ਵੀ ਬੜੇ ਤਅਲੁਕਾਤ ਰਹੇ ਸਨ ਤੇ ਅਧਿਆਪਨ ਤੋਂ ਬਾਅਦ ਇਨ੍ਹਾਂ ਫਿਰ ਵਕਾਲਤ ਕੀਤੀ ਤੇ ਫੇਰ ਜਦੋਂ ਦੇਸ਼ ਦੀ ਵੰਡ ਹੋਈ ਉਦੋਂ ਤੱਕ ਵਕਾਲਤ ਕਰਦੇ ਰਹੇ।

ਪ੍ਰ. ਤੁਹਾਡੇ ਪਰਿਵਾਰ ਦੀ ਕੋਈ ਹੋਰ ਕਥਾ ਕਹਾਣੀ ਤੁਹਾਨੂੰ ਯਾਦ ਹੋਵੇ ਕਿ ਤੁਹਾਡੇ ਦਾਦਾ ਜੀ ਦੀ ਮੌਤ ਤੋਂ ਬਾਅਦ ਤੁਹਾਡੇ ਪਿਤਾ ਜੀ ਕਿਵੇਂ ਪਲੇ ?

ਉ. ਰਿਸ਼ਤੇਦਾਰਾਂ ਨੇ ਮੇਰੇ ਪਿਤਾ ਜੀ ਤੇ ਤਾਇਆ ਜੀ ਦੀ ਪਾਲਨਾ ਕੀਤੀ। ਜਦੋਂ

ਵੱਡੇ ਹੋ ਗਏ ਉਸ ਤੋਂ ਬਾਅਦ ਮੇਰੇ ਤਾਇਆ ਜੀ ਨੇ ਜ਼ਮੀਨ ਵਗੈਰਾ ਸੰਭਾਲਣੀ ਸ਼ੁਰੂ ਕਰ ਦਿੱਤੀ। ਇਨ੍ਹਾਂ ਦਾ ਆਪਸ ਵਿੱਚ ਉਮਰ ਦਾ ਚਾਰ-ਪੰਜ ਸਾਲ ਦਾ ਫ਼ਰਕ ਸੀ, ਤਾਇਆ ਜੀ ਆਪ ਅਨਪੜ੍ਹ ਸਨ ਪਰ ਉਨ੍ਹਾ ਕਿਹਾ ਕਿ ਮੈਂ ਤੈਨੂੰ ਪੜ੍ਹਾ ਦਿੰਨਾ। ਇਨ੍ਹਾ ਨੂੰ ਪੜ੍ਹਾਇਆ ਉਨ੍ਹਾ ਵਕਤਾਂ ਵਿੱਚ ਜਦੋਂ ਕਿ ਸ਼ਾਇਦ ਪੜ੍ਹਾਈ ਦਾ ਏਨਾਂ ਲੋਕੀਂ ਗਿਆਨ ਵੀ ਨਹੀਂ ਸਨ ਲੈਣਾ ਚਾਹੁੰਦੇ ਤੇ ਫਿਰ ਵੀ ਪੜ੍ਹਾਇਆ ਜਦੋਂ ਸ਼ਾਇਦ ਇਹ ਅਧਿਆਪਕ ਵੀ ਲੱਗ ਗਏ, ਇਨ੍ਹਾ ਨੇ ਗਿਆਨੀ ਵੀ ਕੀਤੀ ਹੋਈ ਸੀ ਆਮ ਤੌਰ ਤੇ ਸਾਰੇ ਇਨ੍ਹਾ ਨੂੰ ਗਿਆਨੀ ਜੀ ਵੀ ਕਹਿੰਦੇ ਹੁੰਦੇ ਸਨ। ਤਾਇਆ ਜੀ ਕਹਿੰਦੇ ਕਿ ਦੇਖੋ ਗਿਆਨੀ ਜੀ ਮੈਂ ਤਹਾਨੂੰ ਪੜ੍ਹਾ ਦਿੱਤਾ, ਜਿਹੜੀ ਪਰਵਰਿਸ਼ ਕਰਨੀ ਸੀ ਕਰ ਦਿੱਤੀ ਐ, ਹੁਣ ਇਹ ਜ਼ਮੀਨ ਚੋਂ ਹਿੱਸਾ ਨਹੀਂ ਮੈਂ ਦੇਣਾ ਤਹਾਨੂੰ, ਹੁਣ ਤੁਸੀਂ ਕਮਾਊ ਹੈਗੇ ਆਂ ਤੇ ਹੁਣ ਆਪਾਂ ਵੱਖਰੇ ਹੋ ਜਾਈਏ। ਫਿਰ ਇਹ ਆਪਣਾ ਇੰਡੀਪੈਂਡਡਲੀ ਜੋ ਕੁਛ ਵੀ ਜਾਇਦਾਦ ਜਾਂ ਸਾਡਾ ਰੁਤਬਾ ਬਣਿਆ ਇਹ ਕੋਈ ਵਿਰਸੇ ਵਿੱਚ ਨਹੀ ਮਿਲਿਆ ਕਿਉਂਕਿ ਜੋ ਕੁਝ ਵੀ ਸੀ ਉਹ ਸਾਰਾ ਤਾਇਆ ਜੀ ਕੋਲੇ ਸੀ। ਬਹੁਤਾ ਤਾਂ ਪੈਸਾ ਇਨ੍ਹਾ ਨੇ ਪ੍ਰੈਕਟਿਸ ਚੋਂ ਕਮਾਇਆ, ਔਰ ਬਹੁਤ ਕਮਾਇਆ, ਜਦੋਂ ਕੀਤੀ ਆਂ ਉਦੋਂ ਬਹੁਤ ਈ ਜ਼ਿਆਦਾ ਕਮਾਈ ਕੀਤੀ ਆ ਪਰ ਜਦੋਂ ਫਿਰ ਛੱਡ ਦਿੱਤੀ ਦੇਸ਼ ਵੰਡ ਤੋਂ ਬਾਅਦ ਤਾਂ ਬਿਲਕੁਲ ਮੋੜ ਲਿਆ ਆਪਣੇ ਆਪ ਨੂੰ ਤੇ ਪ੍ਰੈਕਟਿਸ ਵੀ ਛੱਡ ਦਿੱਤੀ ਤੇ ਕਹਿੰਦੇ ਕਿ ਹੁਣ ਨਹੀਂ ਜਿਹੜਾ ਕਮਾਇਆ ਉਹ ਕਿਹੜਾ ਨਾਲ ਲਿਆਂਦਾ ਸਾਰਾ ਪਿੱਛੇ ਛੱਡ ਕੇ ਆ ਗਿਆਂ ਤੇ ਹੁਣ ਆ ਹਾਲਤ ਐ। ਗੁਰਬਾਣੀ ਦਾ ਗਿਆਨ ਜਾਂ ਲਗ਼ਨ ਇਨ੍ਹਾ ਨੂੰ ਬਚਪਨ ਤੋਂ ਸੀ ਔਰ ਬਹੁਤ ਜ਼ਿਆਦਾ ਸੀ। ਮੈਨੂੰ ਬਚਪਨ 'ਚ ਵੀ ਯਾਦ ਐ ਕਿ ਉਂਝ ਜ਼ਿਆਦਾ ਕੱਟੜ ਨਹੀਂ ਸੀਗੇ ਜਿਵੇਂ ਕਿ ਕਿਸੇ ਨੂੰ ਹੁੰਦਾ ਕਿ ਨਿਤਨੇਮ ਕਰਨਾ ਜਾਂ ਹੋਰ, ਉਹ ਬਿਲਕੁਲ ਨਹੀਂ ਸੀ ਕਰਦੇ ਤੇ ਵਕਾਲਤ ਦਾ ਕਿੱਤਾ ਤੁਹਾਨੂੰ ਪਤਾ ਈ ਐ ਜਿਵੇਂ ਦਾ ਹੁੰਦਾ ਜਿਹੜੇ ਕਲਾਇੰਟ ਦੇ ਤੁਸੀਂ ਵਕੀਲ ਓਂ ਉਹਨੂੰ ਈ ਸੱਚਾ ਸਿੱਧ ਕਰਨਾ ਭਾਵੇਂ ਕਿ ਪਤਾ ਵੀ ਹੁੰਦਾ। ਕਈ ਵਾਰੀ ਕਿ ਉਹ ਗ਼ਲਤ ਵੀ ਹੁੰਦਾ ਤੁਸੀਂ ਆਪਣਾ ਕੇਸ ਤਾਂ ਲੜਨਾਂ ਈ ਹੁੰਦਾ ਸੋ ਇਵੇਂ ਗੁਰਬਾਣੀ ਦੀ ਬਹੁਤ ਜ਼ਿਆਦਾ ਲਗ਼ਨ ਸੀ। ਸੰਸਕ੍ਰਿਤ ਤੇ ਫ਼ਾਰਸੀ ਦੇ ਵੀ ਵਿਦਵਾਨ ਸੀਗੇ ਫ਼ਾਰਸੀ ਬਹੁਤ ਅੱਛੀ ਆਂਦੀ ਸੀ ਇਨ੍ਹਾ ਨੂੰ ਤੇ ਕਿਉਂ ਕਿ ਮੈਨੂੰ ਯਾਦ ਐ ਕਿ ਫ਼ਾਰਸੀ ਦੇ ਪੇਪਰਜ਼ ਇਨ੍ਹਾ ਕੋਲ ਆਇਆ ਕਰਦੇ ਸੀ ਕੋਰੈਕਸ਼ਨ ਵਾਸਤੇ। ਉਹ ਗਿਆਨ ਜਿਹੜਾ ਸੀ, ਉਹ ਬਚਪਨ ਤੋਂ ਸੀ ਮਤਲਬ ਬਹੁਤ ਜ਼ਿਆਦਾ ਗਿਆਨ, ਲਗ਼ਨ, ਸਿੱਖਿਆ ਜਿਹੜੀ ਸੀ ਗੁਰਬਾਣੀ ਦੀ ਪਹਿਲਾਂ ਤੋਂ ਸੀ, ਇਹ ਨਹੀਂ ਕਿ ਅਚਾਨਕ ਦੇਸ਼ ਵੰਡ ਹੋਈ ਤੇ ਉਨ੍ਹਾ ਗੁਰਬਾਣੀ ਦੀ ਵਿਆਖਿਆ ਸ਼ੁਰੂ ਕੀਤੀ। ਜਿੰਨਾ ਚਿਰ ਤੁਹਾਡੇ 'ਚ ਪਹਿਲਾਂ ਕੋਈ ਉਹਦਾ ਆਧਾਰ ਨਾ ਹੋਵੇ ਤੁਸੀਂ ਏਨਾਂ ਵੱਡਾ ਕੰਮ ਤਾਂ ਅਰੰਭ ਈ ਨਹੀਂ ਕਰ ਸਕਦੇ ਸੋ ਉਹ ਪਹਿਲਾਂ ਤੋਂ ਸੀ ਪਰ ਕਿੱਤਾ ਇਹ ਸੀ ਵਕਾਲਤ ਦਾ ਸੋ ਉਸ ਸਮੇਂ ਇਹ ਸੋਚ ਨਹੀਂ ਸੀ। ਜਦੋਂ ਦੇਸ਼ ਵੰਡ ਹੋ ਗਈ ਬੜੀ ਗਰੀਬੀ ਦੇਖੀ ਕਿਉਂਕਿ ਇਹ ਸਭ ਕੁਛ ਉਥੇ ਰਹਿ ਗਿਆ ਦੂਜਾ ਇਨ੍ਹਾ ਨੂੰ ਆਦਤ ਸੀਗੀ ਕਿ ਜਿੰਨਾ ਪੈਸਾ ਕਮਾਉਣਾ ਉਹਨੂੰ ਇਨਵੈਸਟ ਕਰ ਦੇਣਾ, ਰੱਖਦੇ ਨਹੀਂ ਸੀ। ਜ਼ਮੀਨ ਖਰੀਦੀ ਜਾਣੀ ਹੋਰ ਕਰੀ ਜਾਣਾ। ਸਾਡੇ ਉੱਥੇ ਦੇਸ਼ ਵੰਡ ਦੇ ਸਮੇਂ ਗਿਆਰਾਂ ਮੁਰੱਬੇ ਸੀ (ਮੁਰੱਬਾ ਮਤਲਬ 25

ਏਕੜ ਜ਼ਮੀਨ) ਪਾਕਿਸਤਾਨ ਵਿੱਚ ਇਹ ਸੀ। ਹੋਰ ਵੀ ਹੋਣੇ ਆਂ ਇੰਫੈਕਟਸ ਬਾਕੀ ਦਾ ਤਾਂ ਮੈਨੂੰ ਨਹੀਂ ਬਹੁਤਾ ਪਤਾ। ਜ਼ਮੀਨ ਆਂਦਿਆਂ ਤਾਂ ਕੋਈ ਮਿਲੀ ਨਹੀਂ ਸੀ (ਦੇਸ਼ ਵੰਡ ਉਪਰੰਤ)। ਆਰਜੀ ਤੌਰ ਤੇ ਵੀ ਛੇ ਮਹੀਨਿਆਂ ਬਾਅਦ ਜਾ ਕੇ ਮਿਲੀ, ਸ਼ਾਇਦ ਬਾਰਾਂ ਏਕੜ ਸੀ। ਅਸੀਂ ਚਾਰੋ ਬੱਚੇ ਜਿਹੜੇ ਸੀਗੇ, ਸਾਰੇ ਪੜ੍ਹਨ ਵਾਲੇ ਸੀਗੇ। ਇਕ ਮੇਰਾ ਭਾਈ ਮੇਰੇ ਤੋਂ ਵੱਡਾ ਸੀ ਤੇ ਦੋ ਛੋਟੇ ਸੀਗੇ। ਵੱਡੇ ਭਾਈ ਨੇ ਦਸਵੀਂ ਦਾ ਇਮਤਿਹਾਨ ਦਿੱਤਾ ਸੀ। ਏਨਾਂ ਜ਼ਰੂਰ ਸੀ ਇਨ੍ਹਾ ਦੇ (ਪਿਤਾ ਜੀ ਦੇ) ਦਿਮਾਗ ਵਿੱਚ ਕਿ ਮੈਂ ਬੱਚੇ ਅਨਪੜ੍ਹ ਨਹੀਂਗੇ ਰੱਖਣੇ, ਕਿ ਹੁਣ ਗ਼ਰੀਬੀ ਹੋਈ ਮੈਂ ਇਨ੍ਹਾ ਨੂੰ ਨਾ ਪੜ੍ਹਾਵਾਂ। ਠੀਕ ਐ ਅਸੀਂ ਸਰਕਾਰੀਂ ਸਕੂਲਾਂ ਵਿੱਚ ਪੜ੍ਹੇ। ਇਹ ਆ ਕਿ ਅਸੀਂ ਪ੍ਰਾਈਵੇਟ ਸਕੂਲਾਂ 'ਚ ਨਹੀਂ ਪੜ੍ਹੇ, ਪਰ ਪੜ੍ਹਾਇਆ ਉਨ੍ਹਾ ਨੇ ਸਾਨੂੰ। ਕਾਫ਼ੀ ਔਖੇ ਦਿਨ ਦੇਖੇ ਜਦੋਂ ਅਚਾਨਕ ਵੰਡ ਤੋਂ ਬਾਅਦ ਅਸੀਂ ਨਾਭੇ ਚਲੇ ਗਏ। ਇਸ ਕਰਕੇ ਪੈਸਾ ਕੋਈ ਨਹੀਂ ਸੀ। ਨਾਭੇ ਸਾਡੇ ਕੋਈ ਰਿਸ਼ਤੇਦਾਰੀ ਨਹੀਂ ਸੀਗੀ, ਇਨ੍ਹਾ ਦਾ (ਪਿਤਾ ਜੀ ਦਾ) ਕੋਈ ਪੁਰਾਣਾ ਵਿਦਿਆਰਥੀ ਸੀ। ਜੋ ਕਿ ਉੱਥੇ 'ਏ.ਐੱਸ.ਆਈ. ਲੱਗਾ ਸੀ, ਉਹਦੇ ਨਾਲ ਪਤਾ ਨਹੀਂ ਕਿਸ ਤਰਾਂ ਮਿਲਾਪ ਹੋਇਆ ਤੇ ਉਹਨੂੰ ਕਹਿਣ ਲੱਗੇ ਕਿ, "ਤੁਸੀਂ ਆ ਜਾਓ ਮੈਨੂੰ ਤੇਰੀ ਮਦਦ ਚਾਹੀਦੀ ਏ"। ਤੇ ਉਨ੍ਹੇ ਮਦਦ ਕੀਤੀ ਵੀ ਹਰ ਤਰ੍ਹਾਂ, ਭਾਵੇਂ ਛੋਟੇ ਮੋਟੇ ਕੰਮਾਂ ਵਾਸਤੇ ਈ ਉਨ੍ਹੇ ਕਾਫੀ ਮਦਦ ਕੀਤੀ ਸਾਡੀ। ਜਿਹੜਾ ਮਕਾਨ ਸਾਨੂੰ ਮਿਲਿਆ ਵੰਡ ਤੋਂ ਬਾਅਦ ਉਹ ਤੇਲੀਆਂ ਦਾ ਮਕਾਨ ਸੀ, ਉਹਦੇ 'ਚ ਇਕ ਵੱਡਾ ਸਾਰਾ ਦਲਾਨ ਸੀ, ਇਕ ਪਾਸੇ ਕੋਹਲੂ ਜਿਹਾ ਲੱਗਾ ਹੋਇਆ ਸੀ ਮਤਲਬ ਕਿ ਥੱਲੇ ਦੂਜਾ ਖੁੱਲ੍ਹਾਂ ਈ ਦਲਾਨ ਸੀ ਤੇ ਉਹਦੇ ਪਿਛਲੇ ਬੰਨੇ ਛੋਟਾ ਜਿਹਾ ਵਿਹੜਾ ਸੀ, ਉਹਦੇ ਵਿੱਚ ਇਕ ਪੰਪ (ਪਾਣੀ ਵਾਲਾ ਨਲਕਾ) ਸੀ, ਤੇ ਉਥੇ ਈ ਰਸੋਈ। ਸੋ ਤੁਸੀ ਕਹਿ ਲਉ ਕਿ ਚੁੱਲ੍ਹਾ ਬਣਿਆ ਸੀ। ਸਾਡੀ ਰਹਿਣ ਦੀ ਜਗ੍ਹਾ ਜਿਹੜੀ ਏਨੀ ਸੀਗੀ। ਔਰ ਉਸੇ ਮਕਾਨ ਦੇ ਵਿੱਚ ਹੀ ਬੈਠ ਕੇ ਇਨ੍ਹਾ ਨੇ ਆਰੰਭ ਕੀਤਾ ਟੀਕੇ ਤੇ ਅਨੁਵਾਦ ਦਾ ਕੰਮ। ਔਰ ਮੰਜੇ ਤੇ ਬੈਠ ਕੇ ਕਰਦੇ ਸੀ। ਜੋ ਅਨੁਵਾਦ ਵਾਸਤੇ ਡਿਕਸ਼ਨਰੀਜ਼ ਜਾਂ ਮਦਦ ਵਾਸਤੇ ਕਿਤਾਬਾਂ ਜਿਵੇਂ ਮੈਕਾਲਿਫ ਚਾਹੀਦਾ ਸੀ ਜਾਂ ਸ਼ਬਦਾਰਥ ਚਾਹੀਦਾ ਸੀ, ਉਹ ਸਭ ਇਨ੍ਹਾ ਦੇ ਦੋਸਤ-ਮਿੱਤਰ ਬਹੁਤ ਸੀਗੇ, ਉਹ ਫਿਰ ਹੌਲੀ-ਹੌਲੀ ਪਤਾ ਕਰ ਲਏ ਕਿ ਕਿੱਥੇ ਕੋਈ ਰਹਿੰਦਾ ਏ, ਕਿਸ ਤਰ੍ਹਾਂ ਏ ਉਨ੍ਹਾ ਨੇ ਸਾਰਿਆਂ ਨੇ ਫ੍ਰੀ ਇਨ੍ਹਾ ਨੂੰ ਇਹ ਸਭ ਕੁਝ ਦਿੱਤਾ। ਮਤਲਬ ਖਰੀਦਣ ਦੀ ਤਾਂ ਸਮਰੱਥਾ ਈ ਕੋਈ ਨਹੀਂ ਸੀਗੀ। ਉਹ ਫਿਰ ਉਨ੍ਹਾ ਨੇ ਦਿੱਤੇ। ਇਕ ਥਾਂ ਬੈਠੇ ਹੁੰਦੇ ਸੀ ਤੇ ਆਲੇ-ਦੁਆਲੇ ਪੋਥੀਆਂ ਰੱਖੀਆਂ ਹੁੰਦੀਆਂ ਸੀ ਕਲਮ ਤੇ ਦਵਾਤ ਦੇ ਨਾਲ। ਆਪ ਈ ਸਿਆਹੀ ਬਣਾਉਂਦੇ ਸੀ ਹੋਲਡਰ ਦੇ ਨਾਲ। ਓਰੀਜ਼ਨਲ ਅੱਜ ਵੀ ਭਾਈ ਗੁਰਦਾਸ ਲਾਇਬ੍ਰੇਰੀ, ਗਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਪਏ ਨੇ ।

ਪ੍ਰ. ਤੁਹਾਡੀ ਜਿਹੜੀ ਗੋਤ ਥਿੰਦ ਜਾਂ ਸੰਧੂ ਇਨ੍ਹਾ ਦੇ ਇਤਿਹਾਸ ਬਾਰੇ ਤੁਸੀਂ ਜਾਣਦੇ ਓ ਕਿ ਇਹ ਕਿੱਥੋਂ ਸ਼ੁਰੂ ਹੋਈਆਂ ਜਾਂ ਕਿਵੇਂ?

ਉ. ਨਹੀਂ ਮੈਂ ਇਨ੍ਹਾ ਬਾਰੇ ਕੁਛ ਨਹੀਂ ਜਾਣਦੀ। ਜਿਵੇਂ ਤਹਾਨੂੰ ਪਤਾ ਈ ਕਿ ਮੇਰਾ ਕਿੱਤਾ ਈ ਹੋਰ ਏ। ਇਸ ਲਈ ਮੈਂ ਪੰਜਾਬੀ ਬਾਰੇ ਬਹੁਤਾ ਨਹੀਂ ਜਾਣਦੀ,

ਮੇਰਾ ਪੰਜਾਬੀ ਵੱਲੇ ਕੋਈ ਏਨਾਂ ਰੁਝਾਣ ਈ ਨਹੀਂ ਰਿਹਾ।

ਪ੍ਰ. ਦੇਸ਼ ਦੀ ਵੰਡ ਤੋਂ ਪਹਿਲਾਂ ਤੁਹਾਡਾ ਉਧਰ ਰਹਿਣ-ਸਹਿਣ ਕਿਵੇਂ ਦਾ ਸੀ।

ਉ. ਹਾਈ ਮਿਡਲ ਕਲਾਸ। ਪਾਰਟੀਆਂ-ਪੂਰਟੀਆਂ ਬੜੀਆਂ ਕਰਦੇ ਹੁੰਦੇ ਸੀ। ਜਦੋਂ ਪਾਰਟੀ ਹੋਣੀ ਤੀਹ-ਚਾਲੀ ਬੰਦੇ ਆਣੇ, ਮੈਂ ਜੋ ਸੋਚਦੀ ਆਂ ਕਿ ਇਹ ਸਭ ਜੋ ਵੀ ਸੀ ਆਪਣੇ ਕਿੱਤੇ (ਵਕੀਲੀ) ਨੂੰ ਬੜ੍ਹਾਵਾ ਦੇਣ ਵਾਸਤੇ ਸੀ, ਮੈਨੂੰ ਇਹ ਵੀ ਯਾਦ ਐ ਕਿ ਐਤਵਾਰ ਨੂੰ ਟਾਂਗੇ ਤੇ ਜਾਣਾ ਤੇ ਟੋਕਰੀਆਂ ਦੀਆਂ ਟੋਕਰੀਆਂ ਫਲਾਂ ਦੀਆਂ ਭਰ ਕੇ ਵੱਖਰੇ-ਵੱਖਰੇ ਜਿਹੜੇ ਜੱਜ ਆਉਣੇ ਜਿੰਨ੍ਹਾਂ ਨਾਲ ਉਨ੍ਹਾ ਦਾ ਕੋਈ ਕੌਨਟੈਕਟਸ ਹੋਣਾ ਉਨ੍ਹਾ ਨੂੰ ਤੋਹਫੇ ਦੇਣੇ, ਮੇਰਾ ਖਿਆਲ ਇਹ ਸਭ ਕੁਝ ਕਿੱਤੇ ਨੂੰ ਪਰਮੋਟ ਕਰਨ ਲਈ ਸੀ।

ਪ੍ਰ. ਤੁਹਾਡੇ ਮਾਤਾ ਜੀ ਕੀ ਕੰਮ ਕਰਦੇ ਸੀ?

ਉ. ਉਹ ਘਰੇਲੂ ਪਤਨੀ ਸਨ। ਉਹ ਸਿਰਫ ਪੰਜਾਬੀ ਜਾਣਦੇ ਸੀ ਇਦੂੰ ਵੱਧ ਨਹੀਂ ਸੀ ਪੜ੍ਹੇ, ਪਰ ਉਹ ਬਹੁਤ ਦਿਆਲੂ ਸਨ। ਮੈਨੂੰ ਨਹੀਂ ਯਾਦ ਕਿ ਕਦੇ ਉਨ੍ਹਾ ਨੇ ਮੈਨੂੰ ਝਿੜਕਿਆ ਵੀ ਹੋਵੇ ਜ਼ਿੰਦਗੀ ਵਿੱਚ, ਜਾ ਸਾਨੂੰ ਮਾਰਿਆ ਹੋਵੇ ,ਉਂਝ ਵੀ ਬੜਾ ਘੱਟ ਬੋਲਦੇ ਸੀ।

ਪ੍ਰ. ਤੁਹਾਡੇ ਵੰਡ ਤੋਂ ਪਹਿਲਾਂ ਰੋਜ਼ਾਨਾ ਦੇ ਰੁਝੇਵੇਂ ਕੀ ਹੁੰਦੇ ਸੀ?

ਉ. ਬੱਚਿਆਂ ਨੇ ਸਕੂਲ ਜਾਣਾ ਹੁੰਦਾ। ਬਾਕੀ ਘਰ 'ਚ ਕਦੀ ਕੰਮ ਨਹੀਂ ਸੀ ਕਿਹਾ ਸਾਨੂੰ। ਨੌਕਰ ਚਾਕਰ ਘਰ ਹੁੰਦੇ ਸੀਗੇ ਜਾਂ ਮਾਂ ਨੇ ਖਾਣਾ ਦੇਖਣਾ ਜਾਂ ਬਣਾਉਣ ਵਿੱਚ ਮਦਦ ਵੀ ਕਰਦੇ ਹੋਣੇ ਐ, ਬਣਾਉਂਦੇ ਵੀ ਹੋਣੇ ਐ, ਇਹ ਨਹੀਂ ਕਿ ਸਾਰੇ ਕੰਮ ਨੌਕਰਾਂ ਤੇ ਹੀ ਡੀਪੈਂਡ ਸਨ, ਮਾਂ ਵੀ ਦੇਖਦੀ ਸੀ। ਪਰ ਮੈਂ ਕਦੇ ਘਰ 'ਚ ਕੰਮ ਨਹੀਂ ਸੀ ਕੀਤਾ, ਵੰਡ ਤੋਂ ਪਹਿਲਾਂ ਵੀ ਤੇ ਬਾਅਦ ਵੀ ਕਦੇ ਨਹੀਂ ਕੀਤਾ ਤੇ ਨਾ ਹੀ ਕਦੇ ਉਨ੍ਹਾ ਕਿਹਾ ਕਿ ਤੁਸੀਂ ਰਸੋਈ 'ਚ ਕੰਮ ਕਰੋ ਜਾਂ ਤੁਸੀਂ ਰੋਟੀ ਬਣਾਉਣੀ ਐ ਕੱਪੜੇ ਧੋਣੇ ਐ ਜਾਂ ਆਹ ਕਰਨੈ, ਕਦੇ ਨਹੀਂ ਸੀ ਕਿਹਾ।

ਪ੍ਰ. ਆਪਣੇ ਬਚਪਨ ਦੇ ਸਾਥੀਆਂ ਬਾਰੇ ਦੱਸੋ?

ਉ. ਏਨਾਂ ਕੁ ਮੈਨੂੰ ਯਾਦ ਐ ਕਿ ਅਸੀਂ ਟਾਂਗੇ 'ਚ ਸਕੂਲ ਜਾਇਆ ਕਰਦੇ ਸੀ, ਤੇ ਉਹਦੇ 'ਚ ਮੁਸਲਮਾਨ ਕੁੜੀਆਂ ਵੀ ਸੀ। ਟਾਂਗਾ ਵੀ ਮੁਸਲਮਾਨ ਦਾ ਸੀ। ਉਹਦਾ ਡਰਾਇਵਰ ਵੀ ਮੁਸਲਮਾਨ ਹੁੰਦਾ ਸੀ। ਤਾਰਿਕਾਬਾਦ ਇਕ ਕਲੌਨੀ ਸੀ, ਜਿੱਥੇ ਜ਼ਿਆਦਾ ਨੀਵੀ ਜਾਤੀ ਦੇ ਮੁਸਲਮਾਨ ਰਹਿੰਦੇ ਸੀ। ਉਹ ਰਸਤੇ 'ਚ ਆਉਂਦੀ ਸੀ। ਟਾਂਗਾ ਸਾਡੇ ਘਰ ਆਉਂਦਾ ਹੁੰਦਾ ਸੀ। ਅਸੀਂ ਤਾਰਿਕਾਬਾਦ ਤੋਂ ਉਨ੍ਹਾ ਨੂੰ ਲੈਣਾ ਤੇ ਸਕੂਲ ਜਾਣਾ। ਕਦੇ ਦਿਮਾਗ ਵਿੱਚ ਇਹ ਨਹੀਂ ਸੀ ਕਿ ਗੋਤ ਕੀ ਚੀਜ ਹੁੰਦੀ ਆ, ਸਾਨੂੰ ਬਿਲਕੁੱਲ ਨਹੀਂ ਸੀ ਪਤਾ। ਆਹ ਖਿੰਦ ਜਾਂ ਸੰਧੂ ਵੰਡ ਤੋਂ ਬਾਅਦ ਦੀਆਂ ਗੱਲਾਂ ਨੇ ਮੈਨੂੰ ਤਾਂ ਇਹ ਯਾਦ ਨਹੀਂ ਕਿ ਬਚਪਨ 'ਚ ਮੇਰੇ ਪਿਤਾ ਨੇ ਕਦੇ ਖਿੰਦ ਲਿਖਿਆ ਹੋਵੇ, ਕਦੇ ਨਹੀਂ ਸੀ ਲਿਖਦੇ, ਤੇ ਹੁਣ ਵੀ ਨਹੀਂ ਸਨ ਲਿਖਦੇ। ਇਹ ਮੇਰੇ ਭਰਾ ਲਿਖਦੇ ਸਨ। ਮੈਨੂੰ ਇਹ ਵੀ ਨਹੀਂ ਸੀ ਵਿਤਕਰਾ ਕਦੇ ਹੁੰਦਾ ਭੀ ਆ ਮੁਸਲਮਾਨ ਏ, ਜਾ ਆਹ ਸਿੱਖ ਐ। ਮਤਲਬ ਕਿ ਉਹ ਬਹੁਤ ਸੁਹਿਰਦ ਸੋਸਾਇਟੀ ਸੀ, ਜਿੱਥੇ ਕਦੇ ਬੱਚਿਆਂ ਨੂੰ ਇਹ ਸਿਖਾਈਓਈ ਨਹੀਂ ਸੀ ਜਾਂਦੀ, ਕਿ ਇਹ ਡਿਫਰੈਂਸਸ

ਹੈਗੇ ਨੇ। ਨਾ ਕਦੇ ਦਿਨ ਦਿਹਾਰ ਦਾ ਸਾਨੂੰ ਕੋਈ ਬਹੁਤਾ ਪਤਾ ਹੁੰਦਾ ਸੀ। ਤੁਸੀਂ ਦੇਖੋ ਸਿੱਖਾਂ ਦੇ ਘਰਾਂ 'ਚ ਵੀ ਰੱਖੜੀ ਬੰਨ੍ਹਦੇ ਆ ਮੈਂ ਨਹੀਂ ਸੀ ਕਦੇ ਰੱਖੜੀ ਬੰਨ੍ਹੀ। ਪਤਾ ਨਹੀਂ ਜਾਂ ਮੈਨੂੰ ਕਿਸੇ ਨੇ ਰੀਚੂਅਲ ਸਿਖਾਏ ਈ ਨਹੀ ਜਾਂ ਫਿਰ ਮੈਂ ਉਸ ਮਾਹੌਲ 'ਚ ਪਲੀ ਮੈਨੂੰ ਨਹੀਂ ਪਤਾ ਕਿ ਇਹ ਕਿਹੋ ਜਿਹੇ ਜਾਂ ਕਿੱਦਾਂ ਹੁੰਦੇ ਆ, ਕਿਸੇ ਦਿਨ ਦਾ ਵਹਿਮ ਨਹੀਂ ਸੀ ਉਹ ਕਰਦੇ। ਕਹਿੰਦੇ ਕਿ ਸਾਰੇ ਦਿਨ ਠੀਕ ਨੇ, ਬਰਾਬਰ ਨੇ ਕੋਈ ਫਰਕ ਨਹੀਂ ਐ।

ਪ੍ਰ. ਕੀ ਉੱਥੇ ਹਿੰਦੂ ਮੁਸਲਿਮ ਸਾਰੇ ਇਕੱਠੇ ਰਹਿੰਦੇ ਸਨ ਤੇ ਇਕੱਠੇ ਕੰਮ ਕਰਦੇ ਸਨ?

ਉ. ਸਾਰੇ ਇਕੱਠੇ ਈ ਸੀ, ਕੋਈ ਫਰਕ ਨਹੀਂ ਸੀ। ਇਹ ਨਹੀਂ ਸੀ ਦੱਸਿਆ ਜਾਂਦਾ ਕਿ ਆ ਜੀ ਮੁਸਲਮਾਨ ਐ, ਇਹਦੇ ਨਾਲ ਨਹੀਂ ਬੋਲਨਾ ਜਾਂ ਤਹਾਨੂੰ ਲੱਗੇ ਕਿ ਇਹ ਕੋਈ ਮਾੜਾ ਐ ਜਾਂ ਹਿੰਦੂ ਐ, ਇਹਦੇ 'ਚ ਕੋਈ ਫਰਕ ਐ ਸਾਡੇ ਨਾਲੋਂ। ਆਹ ਜਿਹੜਾ ਮਤਲਬ ਕਿ ਹੁਣ ਸਗੋਂ ਐਸ ਉਮਰ 'ਚ ਨਹੀਂ ਹੋਣਾ ਚਾਹੀਦਾ, ਹੁਣ ਇਹ ਵਿਤਕਰੇ ਜਿਹੇ ਸ਼ੁਰੂ ਹੋ ਗਏ, ਉਦੋਂ ਨਹੀਂ ਸੀ ਕੋਈ ਹੁੰਦੇ ਮੈਨੂੰ ਤਾਂ ਆਪਣੇ ਬਚਪਨ 'ਚ ਯਾਦ ਨਹੀਂ ਕਿ ਕਿਸੇ ਨੇ ਮੈਨੂੰ ਕੋਈ ਵਿਤਕਰਾ ਦੱਸਿਆ ਹੋਵੇ ਜਾਂ ਮੈਨੂੰ ਕੋਈ ਫੀਲਿੰਗ ਹੋਈ ਹੋਵੇ। ਅਸੀਂ ਸਕੂਲ ਜਾਂਦੇ ਸੀਗੇ, ਉੱਥੇ ਸਾਡੀਆਂ ਅਧਿਆਪਕਾਵਾਂ ਵਿੱਚ ਵੀ ਮੁਸਲਿਮ ਹੁੰਦੀਆਂ ਸੀ, ਬੜੀਆਂ ਸੋਹਣੀਆਂ ਹੁੰਦੀਆਂ ਸੀ, ਕਾਲੇ-ਕਾਲੇ ਬੁਰਕੇ ਉਨ੍ਹਾ ਨੇ ਪਾਏ ਹੋਣੇ, ਔਰ ਜਦੋਂ ਉਹ ਸਾਹਮਣੇ ਬੁਰਕਾ ਚੁੱਕਦੀਆਂ ਸੀ ਤਾਂ ਬੰਦਾ ਉਵੇਂ ਈ ਵੇਖ ਕੇ ਖੁਸ਼ ਹੋ ਜਾਂਦਾ ਸੀ।

ਪ੍ਰ. ਕੀ ਤੁਸੀਂ ਆਪਣੇ ਪਰਿਵਾਰ ਨਾਲ ਮੰਦਿਰ, ਮਸਜ਼ਿਦ ਜਾਂ ਗੁਰਦੁਆਰੇ ਜਾਂਦੇ ਸੀ।

ਉ. ਹਾਂ ਖਾਲਸਾ ਕਾਲਜ ਦਾ ਗੁਰਦੁਆਰਾ ਸੀ, ਉੱਥੇ ਮੈਨੂੰ ਯਾਦ ਐ ਕੋਈ ਪ੍ਰੋਗਰਾਮ ਹੁੰਦਾ ਸੀ, ਤਾਂ ਜਾਂਦੇ ਸੀ ਪਰ ਮਾਤਾ ਜੀ ਨਾਲ ਈ, ਪਿਤਾ ਜੀ ਨਾਲ ਨਹੀਂ। ਇੱਕ ਉੱਥੇ ਮਾਈ ਝੁੱਗੀ ਦਾ ਗੁਰਦੁਆਰਾ ਹੁੰਦਾ ਸੀ। ਉੱਥੇ ਕੋਈ ਲੱਗਦਾ ਹੁੰਦਾ ਸੀ ਮੇਲਾ-ਮੂਲਾ, ਮੇਰੇ ਮਾਤਾ ਜੀ ਸਾਨੂੰ ਉੱਥੇ ਕਈ ਦਫਾ ਲੈ ਕੇ ਜਾਂਦੇ ਹੁੰਦੇ ਸੀ। ਮਤਲਬ ਕਿ ਰੋਟੀਨ ਨਹੀਂ ਸੀ, ਸਾਡਾ ਜਿਵੇਂ ਕਿ ਕਹਿੰਦੇ ਕਿ ਰੋਜ ਗੁਰਦੁਆਰੇ ਜਾਣਾ, ਇਵੇਂ ਨਹੀਂ ਸੀ ।

ਪ੍ਰ. ਉਦੋਂ ਕਦੀ ਮੌਜ-ਮਸਤੀ ਲਈ ਕਿਤੇ ਘੁੰਮਣ ਵੀ ਜਾਂਦੇ ਹੁੰਦੇ ਸੀ ।

ਉ. ਮੈਨੂੰ ਤਾਂ ਕੋਈ ਇੱਦਾਂ ਨਹੀਂ ਯਾਦ ਪਰ ਸਾਡਾ ਫਾਰਮ ਹਾਊਸ ਸੀ ਅਬਾਸਪੁਰ, ਦੂਜਾ ਸਟੇਸ਼ਨ ਸੀ, ਪਹਿਲਾਂ ਇਕ ਲਾਇਲਪੁਰ ਸਟੇਸ਼ਨ ਆਉਂਦਾ ਸੀ ਫਿਰ ਦੋ ਤਿੰਨ ਕਿਲੋਮੀਟਰ ਤੇ ਅਬਾਸਪੁਰ ਆਉਂਦਾ ਸੀ, ਉਹਦੇ ਕੋਲੇ ਸਾਡੀਆਂ ਜ਼ਮੀਨਾ ਸਨ 51 ਚੱਕ 'ਚ। ਮਤਲਬ ਉੱਥੇ ਫਾਰਮ ਦੇ ਵਿੱਚ ਈ ਘਰ ਸੀ, ਉੱਥੇ ਮੇਰੇ ਵੱਡੀ ਮਾਂ ਉਹ ਰਹਿੰਦੇ ਸੀਗੇ, ਬਾਕੀ ਮੇਰੇ ਇਕ ਕਜ਼ਨ ਤਾਇਆ ਜੀ ਸੀਗੇ, ਪਿਤਾ ਦੇ ਕੋਈ ਦੂਰੋਂ-ਨੇੜਿਉਂ ਕਜ਼ਨ, ਉਹ ਉੱਥੇ ਮੈਨੇਜਰ ਦੇ ਤੌਰ ਤੇ ਕੰਮ ਕਰਦੇ ਸੀ, ਛੁੱਟੀਆਂ 'ਚ ਅਸੀਂ ਉੱਥੇ ਜਾਂਦੇ ਸੀਗੇ ਪਿੰਡ। ਫਾਰਮ ਤੇ ਖੇਡਣਾ-ਖੂਡਣਾ, ਕਹਾਣੀਆਂ ਸੁਣਨੀਆਂ, ਬੀਬੀਆਂ ਸਣ ਕੱਢਦੀਆਂ ਹੁੰਦੀਆਂ ਸੀ, ਨਾਲ ਸਣ ਕੱਢਣੀ, ਨਾਲ ਬਾਤਾਂ ਸੁਣੀ ਜਾਣੀਆਂ, ਨਾਲ ਬੀਬੀਆਂ ਨੇ ਕੱਪੜੇ ਸਿਊਣੇ। ਉਨ੍ਹਾ ਦਿਨਾਂ ਵਿੱਚ ਮਸ਼ੀਨਾਂ-ਮਸ਼ੂਨਾ ਤਾਂ ਨਹੀਂ ਸੀ

ਆਈਆਂ, ਹੱਥਾਂ ਨਾਲ ਈ ਕੱਪੜੇ ਸਿਊਂਦੀਆਂ ਹੁੰਦੀਆਂ ਸੀ। ਫਿਰ ਦਰੀਆਂ ਉਣਨੀਆਂ, ਮੰਜੇ ਉਣਨੇ। ਬਚਪਨ 'ਚ ਅਸੀਂ ਗੁੱਲੀ-ਡੰਡਾ ਬੜਾ ਖੇਡਿਆ ਕਿਉਂਕਿ ਮੇਰੀ ਭੈਣ ਕੋਈ ਨਹੀਂ ਸੀ, ਸਾਰੇ ਭਰਾ ਈ ਸੀਗੇ, ਇਸ ਲਈ ਅਸੀਂ ਗੁੱਲੀ ਡੰਡਾ ਬੜਾ ਖੇਡਿਆ। ਬੰਟੇ ਬੜੇ ਖੇਡੇ।

ਪ੍ਰ. ਉਦੋਂ ਵਿਆਹ ਕਿਹੋ ਜਿਹੇ ਹੁੰਦੇ ਸੀ।

ਉ. ਬੜੇ ਡੀਸੈਂਟ, ਮੈਨੂੰ ਯਾਦ ਐ ਲਾਇਲਪੁਰ ਦੇ ਨੇੜੇ-ਤੇੜੇ ਪੰਜ-ਸੱਤ ਫਾਰਮਜ਼ ਵਿੱਚ ਸਰਦਾਰਾਂ ਦੇ ਘਰ ਸੀ। ਉਨ੍ਹਾ ਵਿੱਚ ਈ ਰਣਜੀਤ ਸਿੰਘ ਅਤੇ ਜਤਿੰਦਰ ਭੁੱਲਰ ਦੇ ਪਿਤਾ ਜੀ ਵੀ ਰਹਿੰਦੇ ਸਨ। ਸਰਦਾਰ, ਤਹਾਨੂੰ ਪਤਾ ਈ ਆ ਕਿ ਸਰਦਾਰ ਤੇ ਜੱਟ ਵਿੱਚ ਫ਼ਰਕ ਰੱਖਦੇ ਸੀਗੇ, ਇਹ ਨਹੀਂ ਕਿ ਮਾੜਾ ਸਮਝਦੇ ਸੀਗੇ, ਇਵੇਂ ਦਾ ਕੁਝ ਨਹੀਂ, ਜਿਹੜੇ ਬਹੁਤ ਜ਼ਿਆਦਾ ਜ਼ਮੀਨਾ ਵਾਲੇ ਸੀ, ਉਹ ਆਪਣੇ ਆਪ ਨੂੰ ਸਰਦਾਰ ਕਹਾਉਂਦੇ ਸੀ। ਜਿਹੜੇ ਜ਼ਿਆਦਾ ਜ਼ਮੀਨ ਵਾਲੇ ਸੀਗੇ, ਉਹ ਫਾਰਮ ਹਾਊਸ ਵਿੱਚ ਰਹਿੰਦੇ ਸੀ ਤੇ ਜਿਹੜੇ ਘੱਟ ਜ਼ਮੀਨਾ ਵਾਲੇ ਸੀਗੇ, ਜਿਵੇਂ ਕਿ ਪੰਜ ਏਕੜ ਤੋਂ ਘੱਟ ਵਾਲੇ ਉਹ ਪਿੰਡ 'ਚ ਰਹਿੰਦੇ ਸੀਗੇ। ਸੋ ਉਨ੍ਹਾ ਫਾਰਮ ਹਾਊਸਜ਼ ਵਾਲਿਆਂ ਨਾਲ ਸਾਡਾ ਜਾਣਾ ਆਉਣਾ ਸੀ। ਬਹੁਤ ਜ਼ਿਆਦਾ ਨਹੀਂ ਪਰ ਸੀ। ਤੇ ਉਨ੍ਹਾ ਦੀਆਂ ਵਿਆਹ ਸ਼ਾਦੀਆਂ ਤੇ ਮੈਨੂੰ ਯਾਦ ਐ ਕਿ ਅਸੀਂ ਜਾਂਦੇ ਹੁੰਦੇ ਸੀਗੇ ਤੇ ਬੜੀਆਂ ਡੀਸੈਂਟ ਸ਼ਾਦੀਆਂ ਸੀ।

ਪ੍ਰ. ਵਿਆਹ ਵਿੱਚ ਕੀ-ਕੀ ਰਸਮਾਂ ਕਰਦੇ ਸਨ?

ਉ. ਮੈਨੂੰ ਬਹੁਤਾ ਨਹੀਂ ਯਾਦ ਪਰ, ਹਾਂ ਇਕ ਉਹ ਜਿਹੜਾ ਪਾਣੀ 'ਚ ਦੁੱਧ ਪਾ ਕੇ ਪੈਸੇ-ਪੂਸੇ ਸੁੱਟ ਦਿੰਦੇ ਸਨ, ਇਕ ਗਾਨਾ ਯਾਦ ਐ ਕਿ ਗਾਨਾ ਬੰਨ੍ਹ ਕੇ ਉਹਦੀਆਂ ਗੰਢਾਂ ਖੁਲ੍ਹਾਣੀਆਂ, ਉਹ ਵੀ ਯਾਦ ਕੀ ਕਰਦੇ ਹੁੰਦੇ ਸੀਗੇ, ਅਸੀਂ ਆਲੇ-ਦੁਆਲੇ ਖੜ੍ਹੇ ਹੁੰਦੇ ਸੀਗੇ ਜਾਂ ਇਹ ਯਾਦ ਕਿ ਵਾਗਾਂ ਗੁੰਦਣੀਆਂ। ਮਤਲਬ ਕਿ ਸ਼ਗਨ ਕਰਦੇ ਸੀ ਸਾਰੇ ਪਰ ਬੜੇ ਡੀਸੈਂਟ ਜਿਹੇ ਤਰੀਕੇ ਨਾਲ ਉਹਦੇ 'ਚ ਕੋਈ ਹੁੱਲੜਬਾਜੀ ਜਿਹੀ ਨਹੀਂ ਸੀ ਹੁੰਦੀ।

ਪ੍ਰ. ਉਦੋਂ ਲੋਕ ਨੱਚਦੇ-ਗਾਉਂਦੇ ਵੀ ਸੀ?

ਉ. ਹਾਂ, ਬਿਲਕੁਲ ਔਰਤਾਂ ਬੜੇ ਅੱਛੇ ਸੁਹਾਗ ਤੇ ਘੋੜੀਆਂ ਗਾਉਂਦੀਆਂ ਸਨ।

ਪ੍ਰ. ਤੁਸੀਂ ਕਦੀ ਕੋਈ ਮੇਲਾ ਜਾਂ ਤਿਉਹਾਰ ਦੇਖਿਆ।

ਉ. ਮੈਨੂੰ ਮਾਈ ਝੁੱਗੀ ਦਾ ਗੁਰਦੁਆਰਾ ਯਾਦ ਐ ਕਿ ਬਹੁਤ ਭੀੜ ਹੁੰਦੀ ਸੀ ਤੇ ਫੁੱਲੀਆਂ ਦਾ ਪ੍ਰਸ਼ਾਦ ਮਿਲਦਾ ਸੀ, ਉੱਥੇ ਜਾਂਦੇ ਹੁੰਦੇ ਸੀ, ਕਦੇ ਕਦਾਈਂ ਮੱਥਾ ਟੇਕਣ ਬੀਜੀ ਨੇ ਲੈ ਜਾਣਾ ਕਿ ਚੱਲੋ ਤਹਾਨੂੰ ਮਾਈ ਝੁੱਗੀ ਦੇ ਗੁਰਦੁਆਰੇ ਲੈ ਚੱਲਾਂ।

ਪ੍ਰ. ਤਹਾਨੂੰ ਸਭ ਤੋਂ ਵਧੀਆ ਤਿਉਹਾਰ ਜਾਂ ਦਿਨ ਕਿਹੜਾ ਲੱਗਦਾ ਸੀ?

ਉ. ਸਾਡੇ ਘਰ 'ਚ ਮੈਨੂੰ ਲੱਗਦਾ ਕੋਈ ਖਾਸ ਤਿਉਹਾਰ ਮਨਾਇਆ ਈ ਨਹੀਂ ਸੀ ਜਾਂਦਾ, ਇਕ ਮੇਰੇ ਵੱਡੇ ਭਰਾ ਦਾ ਜਨਮ ਦਿਨ ਜ਼ਰੂਰ ਮਨਾਇਆ ਜਾਂਦਾ ਸੀ, ਬਾਕੀ ਸਾਡਾ ਕਿਸੇ ਦਾ ਜਨਮ ਦਿਨ ਨਹੀਂ ਸੀ ਮਨਾਇਆ ਜਾਂਦਾ। ਉਹ ਵੀ ਸ਼ਾਇਦ ਪਹਿਲਾ ਮੇਲ ਬੱਚਾ ਸੀ, ਤਿੰਨਾ ਭੈਣਾ ਤੋਂ ਬਾਅਦ। ਉਦੋਂ

ਤਹਾਨੂੰ ਪਤਾ ਕੁੜੀਆਂ ਦਾ ਬਹੁਤਾ ਪ੍ਰੋਪਰਟੀ ਦਾ ਹੱਕ ਵੀ ਨਹੀਂ ਸੀ ਹੁੰਦਾ। ਇਹ ਜਿਹੜਾ ਦੂਜਾ ਵਿਆਹ ਵੀ ਕਰਵਾਉਂਦੇ ਸੀਗੇ ਕਿ ਮੁੰਡਾ ਜੰਮ ਪਵੇ, ਸ਼ਾਇਦ ਪਹਿਲਾ ਮੁੰਡਾ ਸੀ ਘਰ ਵਿੱਚ, ਬਾਕੀ ਤੇ ਸਾਡੇ ਕੋਈ ਤਿਉਹਾਰ ਨਹੀਂ ਸੀ ਮਨਾਉਂਦੇ ਹੁੰਦੇ।

ਪ੍ਰ. ਤੁਹਾਡੇ ਭੈਣ-ਭਰਾਵਾਂ ਦੇ ਕੀ ਨਾਮ ਹਨ?

ਉ. ਮੇਰੇ ਪਿਤਾ ਜੀ ਦੇ ਦੋ ਵਿਆਹ ਸੀ, ਮੇਰੇ ਵੱਡੇ ਮਾਂ ਜਿਹੜੇ ਆ ਉਨ੍ਹਾ ਦੀਆਂ ਤਿੰਨ ਬੇਟੀਆਂ ਸੀ। ਉਨ੍ਹਾ ਦੇ ਨਾਮ ਸਨ ਗੁਰਦਿਆਲ ਕੌਰ, ਗੁਰਬਚਨ ਕੌਰ ਤੇ ਹਰਭਜਨ ਕੌਰ। ਅਸੀਂ ਚਾਰ ਸੀ, ਵੱਡੇ ਭਾਈ ਦਾ ਨਾਮ ਖੁਸ਼ਦਰਸ਼ਨ ਸਿੰਘ, ਦੋ ਮੇਰੇ ਤੋਂ ਛੋਟੇ ਸੀਗੇ ਇਕ ਦਾ ਨਾਮ ਇੰਦਰਜੀਤ ਸਿੰਘ ਤੇ ਦੂਜੇ ਦਾ ਨਾਮ ਗੁਰਦਰਸ਼ਨ ਸਿੰਘ।

ਪ੍ਰ. ਉਨ੍ਹਾ ਦਿਨਾਂ ਵਿੱਚ ਕੋਈ ਤਮਾਸ਼ਿਆਂ ਵਾਲੇ ਜਾਂ ਜੋਗੀ ਵਗੈਰਾ ਵੀ ਆਉਂਦੇ ਹੁੰਦੇ ਸੀ?

ਉ. ਹਾਂ ਆਉਂਦੇ ਹੁੰਦੇ ਸੀ। ਇੱਕ ਉਹ ਮੈਨੂੰ ਯਾਦ ਐ ਰਾਸ਼ੇ ਆਉਂਦੇ ਹੁੰਦੇ ਸੀ, ਵਾਣ ਦੀਆਂ ਜੁੱਤੀਆਂ ਪਾਈਆਂ ਹੋਣੀਆਂ, ਵੱਡੇ-ਵੱਡੇ ਪੈਰ ਤੇ ਚੌੜੈ-ਚੌੜੇ ਬੰਦੇ। ਮੇਰਾ ਖਿਆਲ ਘੱਟੋ-ਘੱਟ ਸੱਤ-ਸੱਤ ਫੁੱਟ ਕੱਦ ਹੋਣੇ ਉਨ੍ਹਾਂ ਦੇ, ਉਹ ਲੱਕੜਾਂ ਪਾੜਣ ਆਉਂਦੇ ਹੁੰਦੇ ਸੀ। ਪੂਰੀਆਂ ਸਾਲ ਦੀਆਂ ਲੱਕੜਾਂ ਪੜਵਾ ਕੇ ਰੱਖਦੇ ਹੁੰਦੇ ਸੀ। ਦੌਲੇ ਸ਼ਾਹ ਦੀ ਚੂਈ ਵਾਲੇ ਆਉਂਦੇ ਹੁੰਦੇ ਸੀ, ਉਨ੍ਹਾ ਦੇ ਸਿਰ ਨਿੱਕੇ-ਨਿੱਕੇ ਤੇ ਥੱਲੋਂ ਜੁੱਸਾ ਪੂਰਾ ਚੌੜਾ, ਉਹ ਮੰਗਣ ਆਉਂਦੇ ਹੁੰਦੇ ਸੀ। ਇਹ ਦੋ ਯਾਦਾਂ ਬੜੀਆਂ ਪੱਕੀਆਂ ਤੇ ਕਲੀਅਰ ਨੇ। ਉਹ ਇੱਥੇ ਆ ਕੇ ਨਹੀਂ ਕਦੇ ਦੇਖੇ ਅਸੀਂ। ਇਕ ਜਦੋਂ ਅਸੀਂ ਪਿੰਡ ਜਾਂਦੇ ਹੁੰਦੇ ਸੀ ਉੱਥੇ ਜਾਂਗਲੀ ਉਨ੍ਹਾ ਨੂੰ ਕਹਿੰਦੇ ਹੁੰਦੇ ਸੀ, ਮੇਰਾ ਖ਼ਿਆਲ ਅਸਲੀ ਜਿਹੜੇ ਟਰਾਈਬਲ ਹੋਣੇ ਆ। ਬਾਅਦ 'ਚ ਜਾ ਕੇ ਲੋਕ (ਪੰਜਾਬੀ) ਉੱਥੇ ਵੱਸ ਗਏ ਤੇ ਜ਼ਮੀਨਾ ਮਿਲ ਗਈਆਂ, ਪਹਿਲਾਂ ਉੱਥੇ ਜਾਂਗਲੀ ਈ ਵੱਸਦੇ ਸੀ ਤੇ ਉਹ ਉਸ ਜ਼ਮੀਨ ਤੇ ਕੰਮ ਕਰਦੇ ਸੀ। ਉਨ੍ਹਾ 'ਚ ਜਨਾਨੀਆਂ ਵੀ ਚਾਦਰਾਂ ਬੰਨ੍ਹਦੀਆਂ ਸੀ ਤੇ ਬੰਦੇ ਵੀ ਚਾਦਰੇ ਬੰਨ੍ਹਦੇ ਸੀ ਔਰ ਬੜੇ ਉੱਚੇ ਹੁੰਦੇ ਸੀ, ਜਨਾਨੀਆਂ ਵੀ ਬੜੀਆਂ ਉੱਚੀਆਂ, ਬੰਦੇ ਵੀ ਬੜੇ ਉੱਚੇ ਹੁੰਦੇ ਸੀ। ਫਾਰਮਜ਼ ਤੇ ਕੰਮ ਕਰਦੇ ਸੀ ਤੇ ਹੋਰ ਵੀ ਘਰਾਂ ਦੇ ਵਿੱਚ ਆ ਕੇ ਕੋਈ ਕੰਮ ਤੁਸੀਂ ਕਰਵਾਉਣਾ ਏ ਤਾਂ ਉਹ ਸਾਰਾ ਕੁਛ ਕਰ ਦਿੰਦੇ ਸਨ, ਉਹ ਵੀ ਨਹੀਂ ਏਧਰ ਆ ਕੇ ਕਦੀ ਵੇਖੇ। ਔਰ ਇਕ ਗੱਲ ਹੋਰ ਉਨ੍ਹਾਂ ਦੀ ਰੋਟੀ ਬਹੁਤ ਵੱਡੀ ਹੁੰਦੀ ਸੀ ਤੇ ਸੈਂਟਰ 'ਚ ਰੱਖ ਕੇ ਸਾਰੇ ਈ ਤੋੜ-ਤੋੜ ਕੇ ਖਾਂਦੇ ਸੀ। ਉਹ ਬਹੁਤ ਵੱਡੇ ਚੋਰ ਸੀ ਜਿਵੇਂ ਕਿ ਉਨ੍ਹਾਂ ਨੇ ਕਪਾਹ ਚੁਗਣ ਗਏ ਤਾਂ ਉਹ ਚੋਰੀ ਕਰ ਲਈ, ਕਣਕ ਵੱਢਣ ਗਏ ਤੇ ਭਰੀਆਂ ਚੋਰੀ ਕਰ ਲਈਆਂ ਤੇ ਤਾਇਆ ਜੀ ਸਾਡੇ ਜਿਹੜੇ ਮੈਨੇਜਰ ਵੀ ਸੀਗੇ, ਉਹ (ਜਾਂਗਲੀ ਲੋਕ) ਬੱਕਰੀਆਂ ਰੱਖਦੇ ਸੀ ਤੇ ਭੇਡਾਂ ਵੀ, ਤੇ ਉਨ੍ਹਾ ਨੇ ਫਿਰ ਜਦੋਂ ਚੋਰੀ ਕਰਨੀ ਤਾਂ ਇਨ੍ਹਾ ਨੇ ਫਿਰ ਉਨ੍ਹਾ ਦੀਆਂ ਭੇਡਾਂ, ਬੱਕਰੀਆਂ ਲੈ ਆਉਣੀਆਂ ਆਪਣੇ ਘਰ। ਹੋਰ ਵੀ ਮੁਲਾਜਮ ਹੋਣੇ ਜਿਨ੍ਹਾਂ ਨੂੰ ਸੀਰੀ ਕਹਿੰਦੇ ਨੇ, ਉਨ੍ਹਾ ਲਿਆ ਕੇ ਤੇ, ਫਾਰਮ ਹਾਊਸ ਵਿੱਚ ਜਗ੍ਹਾ ਤਾਂ ਬਥੇਰੀ ਹੁੰਦੀ ਆ ਉੱਥੇ ਤਾੜ ਦੇਣੀਆਂ ਤੇ ਉਹ ਬੱਕਰੀਆਂ, ਭੇਡਾਂ ਨਾ ਛੱਡਣੀਆਂ ਉੱਨੇ ਚਿਰ ਤੱਕ ਜਿੰਨਾ ਚਿਰ ਤੱਕ ਉਨ੍ਹਾ ਤੋਂ ਕੁਛ ਮੰਨਵਾ ਨਾ

ਲੈਣਾ। ਇਹ ਬਹੁਤ ਇੰਟਰੱਸਟਿੰਗ ਏ। ਮੈਨੂੰ ਅਜੇ ਤੱਕ ਯਾਦ ਏ ਕਿ ਬੱਕਰੀਆਂ ਤੇ ਭੇਡਾਂ ਰੌਲਾ ਪਾਈ ਜਾਂਦੀਆਂ ਸਨ ਅੰਦਰ।

ਪ੍ਰ. ਕੀ ਤਹਾਨੂੰ ਕੀਰਤਨ ਜਾਂ ਸੰਗੀਤ ਸੁਣਨ ਦਾ ਜਾਂ ਗਾਉਣ ਦਾ ਸ਼ੌਂਕ ਹੁੰਦਾ ਸੀ।

ਉ. ਨਹੀਂ ਮੈਨੂੰ ਤਾਂ ਇਕ ਸੁਰ ਵੀ ਕੱਢਣੀ ਨਹੀਂ ਆਉਂਦੀ।

ਪ੍ਰ. ਤੁਸੀ ਕੋਈ ਸਾਜ਼ ਵਜਾ ਲੈਂਦੇ ਹੋ ਜੀ।

ਉ. ਨਾ ਬਿਲਕੁਲ ਨਹੀਂ, ਹਾਂ ਪਰ ਮੈਨੂੰ ਸੰਗੀਤ ਨਾਲ ਇੰਟਰੱਸਟ ਬਹੁਤ ਐ, ਲਗ਼ਨ ਬਹੁਤ ਐ, ਬਹੁਤ ਅੱਛਾ ਲੱਗਦਾ ਪਰ ਮੇਰੇ 'ਚ ਇਹ ਗੁਣ ਨਹੀਂ ਹੈਗਾ।

ਪ੍ਰ. ਤੁਹਾਡੇ ਕੋਲ ਉਸ ਸਮੇਂ ਰੇਡੀਉ ਸੀ?

ਉ. ਹਾਂ ਸੀ, ਔਰ ਰਾਦਰ ਓਦੋਂ ਨਵੇਂ-ਨਵੇਂ ਰੇਡੀਉ ਸੀ ਤੇ ਬੜ੍ਹੀ ਹੈਰਾਨੀ ਹੁੰਦੀ ਸੀ ਕਿ ਇਹਦੇ ਵਿੱਚੋਂ ਆਵਾਜ਼ ਕਿੱਥੋਂ ਆਉਂਦੀ ਐ। ਮੇਰਾ ਖਿਆਲ ਐ ਵੰਡ ਤੋਂ ਥੋੜ੍ਹਾ ਚਿਰ ਪਹਿਲਾਂ ਈ ਰੇਡੀਉ ਆਇਆ ਸਾਡੇ ਕੋਲ, ਕਿਉਂਕਿ ਪਹਿਲਾਂ ਸਾਡੇ ਕੋਲ ਕੋਠੀ ਸੀਗੀ ਤੇ ਉਹ ਬਾਪੂ ਜੀ ਨੇ ਵੇਚ ਦਿੱਤੀ ਤੇ ਬਾਅਦ ਵਿੱਚ ਕੋਠੀ ਨਵੀਂ ਬਣਾਈ ਸੀਗੀ, ਅਸੀਂ ਉਦੋਂ ਵੰਡ ਸਮੇਂ ਵੀ ਨਵੀਂ ਕੋਠੀ ਵਿੱਚ ਰਹਿੰਦੇ ਸੀ, ਜਦੋਂ ਸਾਡੇ ਕੋਲ ਰੇਡੀਉ ਸੀ, ਮੇਰਾ ਖਿਆਲ (19..) 45, 46, 47 'ਚ ਹੋਵੇਗਾ।

ਪ੍ਰ. ਉਦੋਂ ਕਿਹੜੇ ਪ੍ਰੋਗਰਾਮ ਆਉਂਦੇ ਸੀ ਜਿਹੜੇ ਤੁਸੀਂ ਵੇਖਦੇ ਸੀ?

ਉ. ਮੈਨੂੰ ਯਾਦ ਨਹੀਂ ਏਨਾਂ।

ਪ੍ਰ. ਤੁਹਾਡੇ ਬਚਪਨ ਦੇ ਮਨ-ਪਸੰਦ ਦੇ ਖਿਡੌਣੇ ਕਿਹੜੇ ਸਨ?

ਉ. ਮੈਂ ਬਚਪਨ 'ਚ ਬਰੰਟਿਆ ਨਾਲ ਬਹੁਤ ਖੇਡਿਆ, ਗੁੱਲੀ ਡੰਡਾ ਖੇਡਿਆ ਤੇ ਗੁੱਡੀਆਂ ਨਾਲ ਮੈਂ ਨਹੀਂ ਖੇਡਿਆ। ਮੁੰਡਿਆਂ ਵਾਲੀਆਂ ਖੇਡਾਂ ਖੇਡੀਆਂ, ਕਿਉਂਕਿ ਭਰਾ ਸੀਗੇ ਤਿੰਨ, ਤੇ ਮੈਂ ਕੱਲ੍ਹੀ ਵਿੱਚ ਫਸੀ ਸੀ। ਵਿੱਚ ਇਕ ਵੱਡਾ ਸੀ, ਇਕ ਛੋਟਾ ਸੀ, ਉਨ੍ਹਾ ਦੇ ਨਾਲ ਈ ਖੇਡਦੀ ਰਹਿੰਦੀ ਸੀ।

ਪ੍ਰ. ਤੁਹਾਡੇ ਕੋਲ ਤੁਹਾਡੇ ਪਰਿਵਾਰ ਦੀ ਕੋਈ ਇਤਿਹਾਸਕ ਨਿਸ਼ਾਨੀ ਹੈ?

ਉ. ਮੇਰੀ ਮਾਂ ਦੀ ਇਕ ਕੁੜਤੀ ਹੈਗੀ ਆ, ਉਹ ਮੈਂ ਆਪਣੀ ਬੇਟੀ ਨੂੰ ਦਿੱਤੀ ਐ ਅਗਾਂਹ, ਮੈ ਕਿਹਾ ਇਹ ਤੇਰੀ ਨਾਨੀ ਦੀ ਕੁੜਤੀ ਐ, ਬਸ ਉਹ ਕੁਝ ਕਰੋਛੀਏ ਦਾ ਕੰਮ ਕਰਦੇ ਹੁੰਦੇ ਸੀ, ਕਦੇ-ਕਦੇ ਉਹ ਸਲਾਈਆਂ ਨਾਲ ਉਣਦੇ ਹੁੰਦੇ ਸੀ। ਮੇਰੇ ਪਾਸ ਅਜੇ ਵੀ ਹੈਗੀਆਂ ਨੇ, ਲੱਗੀਆਂ ਹੋਈਆਂ ਕਿਸੇ ਚੀਜ ਨੂੰ।

ਪ੍ਰ. ਵੰਡ ਤੋਂ ਪਹਿਲਾਂ ਉੱਥੇ ਲੋਕਾਂ ਦਾ ਜੀਵਨ ਤੇ ਰਹਿਣ ਸਹਿਣ ਕਿਵੇਂ ਦਾ ਸੀ?

ਉ. ਅੱਛਾ ਸੀ। ਬਹੁਤ ਸੁਖਾਲਾ ਸੀ॥ ਔਰ ਲਾਇਲਪੁਰ ਸਿਟੀ ਤਾਂ ਏਦਾਂ ਦਾ ਸੀ ਬੜੇ ਖੁੱਲ੍ਹੇ-ਖੁੱਲ੍ਹੇ ਬਾਜ਼ਾਰ, ਆਬਾਦੀ ਬੜੀ ਥੋੜ੍ਹੀ ਸੀਗੀ। ਮਤਲਬ ਜਿਵੇਂ ਚੰਦੀਗੜ੍ਹ ਦੀਆਂ ਸੜ੍ਹਕਾਂ ਨੇ ਨਾ, ਏਦੂੰ ਵੀ ਚੌੜ੍ਹੀਆਂ ਸੜਕਾਂ ਸੀ, ਔਰ ਲਾਇਲਪੁਰ ਤਾਂ ਇਕ ਸੈਂਟਰਲ ਕਲੌਕ ਟੌਵਰ ਸੀ, ਤੇ ਉਥੋਂ ਚਾਰੇ ਪਾਸੇ ਰੇਡੀਏਟਰ ਕਰਦੀਆਂ ਸੀ ਚੌੜੀਆਂ ਸੜ੍ਹਕਾਂ। ਇਹ ਸਿਟੀ ਦੀ ਗੱਲ੍ਹ ਐ,

ਅਸੀਂ ਤਾਂ ਸਿਟੀ 'ਚ ਰਹਿੰਦੇ ਨਹੀਂ ਸੀ, ਜਾਈਦਾ ਤਾਂ ਹੁੰਦਾ ਸੀ, ਬਹੁਤ ਚੌੜੀਆਂ-ਚੌੜੀਆਂ ਸੜ੍ਹਕਾਂ ਖੁੱਲ੍ਹੀਆਂ, ਕਦੇ ਕੋਈ ਭੇਦ ਭਾਵ ਨਹੀਂ ਸੀ ਵੇਖਿਆ ਕੁਛ ਨਹੀਂ, ਕੋਈ ਵਿਤਕਰਾ ਨਹੀਂ ਸੀ। ਬੜਾ ਲੋਕਾਂ ਦਾ ਸਾਦਾ ਜੀਵਨ ਸੀ, ਔਰ ਸੁਖਾਲਾ ਸੀ।

ਪ੍ਰ. ਕੀ ਉਸ ਵੇਲੇ ਹਿੰਦੂ ਮੁਸਲਿਮ ਆਪਸ ਵਿੱਚ ਦੂਰੀ ਰੱਖਦੇ ਸਨ?

ਉ. ਮੈਨੂੰ ਸਗੋਂ ਉਹ ਯਾਦ ਐ, ਜਦੋਂ ਇਹ 'ਟੋਡੀ ਬੱਚਾ ਹਾਏ-ਹਾਏ' ਦੇ ਜਲੂਸ ਨਿਕਲਦੇ ਹੁੰਦੇ ਸੀ, ਉਹ ਮੈਨੂੰ ਯਾਦ ਨੇ ਉਹ ਪਤਾ ਨਹੀਂ ਕੀ ਹੁੰਦਾ ਸੀ, ਔਰ ਸਕੂਲਾਂ ਦੇ ਬੱਚੇ ਵੀ ਨਾਲ ਈ ਲੱਗ ਜਾਂਦੇ ਹੁੰਦੇ ਸੀ 'ਟੋਡੀ ਬੱਚਾ ਹਾਏ-ਹਾਏ'। ਬ੍ਰਿਟੀਸ਼ਰਜ਼ ਦੇ ਅਗੇਂਸਟ ਮੇਰਾ ਖਿਆਲ ਵ੍ਰਲਡ ਵਾਰ ਦੇ ਅੰਗੇਸਟ ਕੱਢਦੇ ਹੁੰਦੇ ਸੀ। ਇਕ ਮੈਨੂੰ ਯਾਦ ਐ ਕਹਿੰਦੇ ਜੀ ਮਫ਼ਰਲ ਬੁਣ ਕੇ ਦਿਉ, ਜ਼ੁਰਾਬਾ ਬੁਣ ਕੇ ਦਿਉ ਜੀ, ਪੈਕ ਕਰ-ਕਰ ਕੇ ਭੇਜੀ ਜਾਣੇ। ਇਹ ਚੀਜਾਂ ਵੀ ਪ੍ਰੌਬਲੀ ਵਲਡ ਵਾਰ 'ਚ ਈ ਜਾਂਦੀਆਂ ਸੀ। ਬਾਕੀ ਗੁਰਪੁਰਬ ਤੇ ਜਲੂਸ ਮੈਨੂੰ ਯਾਦ ਐ, ਉਹ ਵੀ ਨਿਕਲਦੇ ਹੁੰਦੇ ਸੀ। ਬਾਕੀ ਮੁਸਲਮਾਨਾ ਦੇ ਵੀ ਨਿਕਲਦੇ ਹੋਣੇ। ਬਾਕੀ ਕੋਈ ਏਨਾ ਨਹੀ ਯਾਦ ਕੋਈ ਦੰਗਾ ਵਗੈਰਾ।

ਪ੍ਰ. ਤੁਹਾਡੇ ਇਲਾਕੇ ਦੀ ਕੋਈ ਖਾਸ ਚੀਜ਼ ਮਸ਼ਹੂਰ ਸੀ ਜਿਵੇਂ ਕੋਈ ਕਾਰੀਗਰ ਬਣਾਉਂਦਾ ਹੋਵੇ?

ਉ. ਨਹੀਂ ਮੈਨੂੰ ਨਹੀਂ ਯਾਦ ਕਿਉਂਕਿ ਮੈਂ ਬਹੁਤ ਛੋਟੀ ਹੁੰਦੀ ਸੀ।

ਪ੍ਰ. ਤੁਸੀਂ ਕੋਈ ਲੋਕ ਕਾਥਾਵਾਂ ਕਹਾਣੀਆਂ ਜਿਹੜੀਆਂ ਤੁਹਾਡੇ ਇਲਾਕੇ 'ਚ ਮਸ਼ਹੂਰ ਸਨ ਕਦੇ ਸੁਣੀਆਂ ਹੋਣ।

ਉ. ਨਹੀਂ, ਬਾਤਾਂ ਈ ਸੁਣੀਆਂ ਬੜੀਆਂ ਲੰਬੀਆਂ-ਲੰਬੀਆਂ। ਜਿਉਂ ਸ਼ੁਰੂ ਹੋਣਾ ਇੰਟਰਸਟ ਤਾਂ ਬੱਚਿਆਂ ਦਾ ਹੁੰਦਾ ਈ ਆ, ਔਰ ਰਾਤ ਦੇਰ ਤਾਈਂ ਲੱਗੇ ਰਹਿਣਾ। ਉਨ੍ਹਾਂ ਵੀ ਸੁਣਾਈਂ ਜਾਣੀ ਤੇ ਅਸੀਂ ਵੀ ਰੋਜ ਉਨ੍ਹਾ ਦੇ ਦੁਆਲੇ ਬਹਿਣਾ, ਅਸੀਂ ਕਹਿਣਾ ਕਿ ਸਾਨੂੰ ਬਾਤ ਸੁਣਾ ਤੇ ਨਾਲ ਉਨ੍ਹਾਂ ਨੇ ਸਣ ਕੱਢੀ ਜਾਣੀ, ਸ਼ਾਇਦ ਰੱਸੇ ਵ ਕੋਈ ਭੇਦ ਭਾਵ ਨਹੀਂ ਸੀ, ਕੋਈ ਵਿਤਕਰਾ ਨਹੀਂ ਸੀ।

ਪ੍ਰ. ਤੁਹਾਡਾ ਉਧਰ ਵਾਲਾ ਸਕੂਲ ਕਿਵੇਂ ਦਾ ਸੀ?

ਉ. ਮੈਂ ਗੌਰਮਿੰਟ ਸਕੂਲ 'ਚ ਪੜ੍ਹੀ ਆਂ। ਉਦੋਂ ਪ੍ਰਾਈਵੇਟ ਸਕੂਲ ਇੰਨੇ ਨਹੀਂ ਸੀ ਹੁੰਦੇ, ਸ਼ਹਿਰ 'ਚ ਸ਼ਾਇਦ ਉਦੋਂ ਬਣਦੇ ਈ ਘੱਟ ਸੀ। ਬੜਾ ਅੱਛਾ ਸਕੂਲ ਸੀ, ਸੈਂਟਰਲ ਜਿਹੀ ਬਿਲਡਿੰਗ ਸੀ। ਸਾਰੇ ਪਾਸੇ ਬਰਾਂਡਾ ਸੀ, ਸਾਡੀ ਕੁਕਿੰਗ ਦੀ ਵੀ ਕਲਾਸ ਹੋਇਆ ਕਰਦੀ ਸੀ। ਮੁਸਲਮਾਨ ਟੀਚਰਜ਼ ਹੁੰਦੀਆਂ ਸੀ, ਬੜੀਆਂ ਸੋਹਣੀਆਂ, ਠੀਕ ਸੀ ਮਹੌਲ।

ਪ੍ਰ. ਸਕੂਲ ਦਾ ਨਾਮ ਕੀ ਸੀ?

ਉ. ਗੌਰਮੈਂਟ ਗਰਲਜ਼ ਸਕੂਲ ਕੁੜੀਆਂ ਦਾ ਇਕੱਲਾ ਸੀ।

ਪ੍ਰ. ਤਹਾਨੂੰ ਸਕੂਲ ਵਿਚ ਦਾਖਲ ਕਿਸ ਨੇ ਕਰਵਾਇਆ ਸੀ?

ਉ. ਮੇਰੇ ਫਾਦਰ ਤਾਂ ਕਿਸੇ ਬੱਚੇ ਨੂੰ ਵੀ ਪਹਿਲਾਂ ਦਾਖਲ ਨਹੀਂ ਸੀ ਕਰਵਾਉਂਦੇ, ਘਰ ਵਿਚ ਟਿਊਟਰ ਰੱਖ ਕੇ ਘਰੇ ਪੜ੍ਹਾਈ ਜਾਣਾ ਤੇ ਪੰਜਵੀਂ 'ਚ ਜਾ ਕੇ

ਦਾਖਲ ਕਰਵਾ ਦੇਣਾ। ਜਦੋਂ ਵੰਡ ਹੋਈ ਐ ਮੇਰੇ ਛੋਟੇ ਭਰਾਵਾਂ ਨੇ ਅਜੇ ਪੜ੍ਹਾਈ ਸ਼ੁਰੂ ਨਹੀਂ ਸੀ ਕੀਤੀ, ਮਤਲਬ ਦੋਨਾਂ ਨੇ ਅਜੇ ਸਕੂਲ ਨਹੀਂ ਸੀ ਜੁਆਇਨ ਕੀਤਾ।

ਪ੍ਰ. ਤਹਾਨੂੰ ਪੜ੍ਹਾਈ ਬਾਰੇ ਯਾਦ ਹੈ ਕਿ ਉਸ ਸਮੇਂ ਕੀ ਪੜ੍ਹਾਉਂਦੇ ਸੀ।

ਉ. ਮੈਨੂੰ ਥੋੜਾ ਜਿਹਾ ਯਾਦ ਹੈਗਾ, ਉਰਦੂ ਪੜ੍ਹਾਂਦੇ ਸੀਗੇ, ਪੰਜਾਬੀ ਵੀ ਪੜ੍ਹਾਉਂਦੇ ਹੋਣਗੇ, ਇੰਗਲਿਸ਼ ਵੀ ਪੜ੍ਹਾਉਂਦੇ ਸੀ।

ਪ੍ਰ. ਤੁਸੀਂ ਸਕੂਲ ਵਿਚ ਕੋਈ ਖੇਡ ਵੀ ਰੱਖੀ ਹੋਈ ਸੀ?

ਉ. ਮੈਂ ਹਮੇਸ਼ਾਂ ਪੜ੍ਹਾਈ ਵਿੱਚ ਪਹਿਲੇ ਦਰਜੇ ਤੇ ਆਉਂਦੀ ਸੀ। ਬਾਕੀ ਉਦੋਂ ਖੇਡਾਂ ਵੀ ਹੁੰਦੀਆਂ ਸੀ, ਸ਼ਟਾਪੂ ਖੇਡਣਾ,ਦਰੱਖਤ ਹੋਣੇ ਉਨ੍ਹਾ ਦੇ ਉੱਤੇ ਚੜ੍ਹ ਜਾਣਾ, ਇਕ ਉਹ ਰੱਸੀ ਜਿਹੀ ਟੱਪਦੇ ਸੀਗੇ, ਇਕ ਬੱਚਿਆਂ ਨੇ ਇਹ ਬਣਾਇਆ ਸੀ ਕਿ ਭੁਆਂਟਣੀਆਂ ਲਵੋਂ ਤੇ ਉਦੋਂ ਤੱਕ ਨਹੀਂ ਰੁਕਣਾ ਜਦੋਂ ਤੱਕ ਤੁਸੀਂ ਚੱਕਰ ਖਾ ਕੇ ਡਿੱਗ ਨਹੀਂ ਜਾਂਦੇ, ਇਹੋ ਜਿਹੀਆਂ ਖੇਡਾਂ ਸੀ। ਉਦੋਂ ਬਾਕੀ ਮੇਰਾ ਖਿਆਲ ਬਾਸਕਿਟ ਬਾਲ ਸੀਗੀ। ਉਦੋਂ ਮੈ ਛੋਟੀ ਸੀਗੀ, ਤੇ ਵੱਡੀਆਂ ਕੁੜੀਆਂ ਈ ਖੇਡਦੀਆਂ ਸੀ।

ਪ੍ਰ. ਦੁਪਹਿਰ ਨੂੰ ਤੁਸੀਂ ਸਕੂਲ ਵਿੱਚ ਰੋਟੀ ਵਗੈਰਾ ਲੈ ਕੇ ਜਾਂਦੇ ਸੀ?

ਉ. ਪਤਾ ਨਹੀਂ ਕੋਈ ਯਾਦ ਨਹੀਂ।

ਪ੍ਰ. ਉਦੋਂ ਤੁਸੀਂ ਲਿਖਣ ਲਈ ਕੀ ਵਰਤਦੇ ਸੀ?

ਉ. ਉਦੋਂ ਦਵਾਤ ਹੁੰਦੀ ਸੀ, ਪੈਂਨ-ਸ਼ੈਂਨ ਤਾਂ ਕੋਈ ਨਹੀਂ ਸੀ ਹੁੰਦਾ, ਬਸ ਦਵਾਤ ਈ ਹੁੰਦੀ ਸੀ, ਲੱਕੜ ਦੀ ਡੰਡੀ ਹੁੰਦੀ ਸੀ, ਮੂਹਰੇ ਨਿੱਭ ਚੜ੍ਹਾਈ ਹੁੰਦੀ ਸੀ, ਤੇ ਉਹਨੂੰ ਡਿਪ ਕਰ-ਕਰ ਕੇ ਲਿਖਦੇ ਹੁੰਦੇ ਸੀ। ਰੰਗ-ਰੁੰਗ ਜਿਹੇ ਆ ਗਏ ਸੀ ਤੇ ਨਕਸ਼ੇ ਜਿਹੇ ਬਣਾਉਂਦੇ ਸਾਂ ਤੇ ਬਾਕੀ ਉਦੋਂ ਪੈਂਨਸਿਲ ਵਾਲੇ ਰੰਗ ਵੀ ਆ ਗਏ ਸੀ, ਜਿੰਨ੍ਹਾਂ ਦੇ ਨਾਲ ਅਸੀਂ ਡਿਫਰੈਂਟ ਸੂਬਿਆਂ ਨੂੰ ਕਲਰ ਕਰਦੇ ਸੀ, ਮਤਲਬ ਉਦੋਂ ਆ ਗਏ ਸੀ ਥੋੜ੍ਹੇ ਜਿਹੇ।

ਪ੍ਰ. ਤਹਾਨੂੰ ਕੋਈ ਸਕੂਲ ਦੀ ਖਾਸ ਘਟਨਾ ਜਿਹੜੀ ਅਜੇ ਵੀ ਯਾਦ ਹੋਵੇ।

ਉ. ਜਦੋਂ ਸਾਡੀ ਕੁਕਿੰਗ ਕਲਾਸ ਹੁੰਦੀ ਸੀ, ਕੁਕਿੰਗ ਨਾ ਘਰ ਕਦੇ ਕਿਸੇ ਨੇ ਕਰਵਾਈ ਸੀ, ਨਾ ਮੈਨੂੰ ਆਉਂਦੀ ਸੀ, ਨਾ ਕਦੇ ਇੰਟਰੱਸਟ ਸੀ, ਤੇ ਫਿਰ ਹਮੇਸਾਂ ਗੜਬੜ ਹੋ ਜਾਣੀ ਤੇ ਪਾਸ ਨਾ ਹੋਣਾ ਉਹਦੇ 'ਚੋਂ ਟੀਚਰ ਆਉਂਦੀ ਹੁੰਦੀ ਸੀ, ਉਹ ਖਾ ਕੇ ਵੇਖਦੀ ਹੁੰਦੀ ਸੀ ਕਿ ਇਹ ਜੋ ਬਣਾਇਆ, ਮਤਲਬ ਜਿਵੇਂ ਫਿਰਨੀ ਬਨਾਣੀ ਤੇ ਉਹ ਕਦੇ ਗਾੜ੍ਹੀ ਬਣ ਗਈ ਇੱਟ ਵਰਗੀ ਤੇ ਕਦ... ਉਹਦੇ ਚੋਂ ਬੁਰਾ ਈ ਹਾਲ ਹੁੰਦਾ ਸੀ ਕੁਕਿੰਗ ਨਹੀਂ ਸੀ ਆਉਂਦੀ ਮੈਨੂੰ। ਇਹ ਜੋ ਮੈਂ ਦੱਸ ਰਹੀਂ ਆਂ ਇਹ ਵੰਡ ਤੋਂ ਪਹਿਲਾਂ ਦਾ ਦੱਸ ਰਹੀ ਆਂ।

ਪ੍ਰ. ਤੁਹਾਡੇ ਅਧਿਆਪਕ ਆਮ ਕਿਵੇਂ ਪੇਸ਼ ਆਉਂਦੇ ਸੀ?

ਉ. ਮੇਰਾ ਖਿਆਲ ਠੀਕ ਸੀ। ਮੈਂ ਤਾਂ ਬਰਾਇਟ ਸਟੂਡੈਂਟ ਸੀਗੀ, ਮੈਨੂੰ ਤਾਂ ਵੈਸੇ ਈ ਥੋੜ੍ਹੀ ਤਵੱਜੋ ਜ਼ਿਆਦਾ ਦਿੱਤੀ ਜਾਂਦੀ ਸੀ। ਜਿਹੜਾ ਬੱਚਾ ਫਸਟ ਆਉਂਦਾ ਏ ਨਾ, ਉਹਨੂੰ ਹਮੇਸ਼ਾਂ ਟੀਚਰ ਵੀ ਪਸੰਦ ਕਰਦਾ ਤੇ ਬੱਚਾ ਵੀ ਪਸੰਦ ਕਰਦਾ।

ਪ੍ਰ. ਜਿੱਥੇ ਤੁਸੀਂ ਰਹਿੰਦੇ ਸੀ ਲਾਇਲਪੁਰ ਉਹ ਤੁਹਾਡਾ ਘਰ ਕਿਵੇਂ ਦਾ ਸੀ।

ਉ. ਦੇਖੋ ਮੌਡਰਨ ਕੋਠੀਆਂ ਦੀ ਡਿਜਾਈਨਿੰਗ ਥੋੜ੍ਹੀ ਹੋਰ ਤਰ੍ਹਾਂ ਦੀ ਹੋਣ ਲੱਗ ਗਈ ਸੀ ਪਰ ਉਹ ਬਹੁਤ ਵੱਡਾ ਘਰ ਸੀ, ਮਤਲਬ ਸਭ ਤੋਂ ਮੌਡਰਨ ਹਾਊਸ ਜਾਂ ਇਕ ਸਰਦਾਰ ਸੰਪੂਰਨ ਸਿੰਘ ਦੀ ਕੋਠੀ ਸੀਗੀ, ਸਰਦਾਰ ਸੰਪੂਰਨ ਸਿੰਘ ਤੁਸੀਂ ਸੁਣਿਆਂ ਈ ਹੈਣੈ ਕਿ ਉਹ ਬਹੁਤ ਅਮੀਰ ਆਦਮੀ ਸਨ। ਉਨ੍ਹਾ ਦਾ ਬਾਗ ਦੇ ਵਿੱਚ ਘਰ ਬਣਿਆਂ ਹੋਇਆ ਸੀ, ਉਨ੍ਹਾਂ ਦਾ ਮੇਰਾ ਖ਼ਿਆਲ ਸਾਡੇ ਨਾਲੋਂ ਸ਼ੋਸ਼ਲ ਸਟੇਟਸ ਵੀ ਕਾਫੀ ਹਾਈ ਸੀ। ਇਹ ਜਿਹੜਾ ਸਾਡੀ ਕੋਠੀ ਸੀਗੀ, ਰਾਦਰ ਦਿਸ ਵਾਜ਼ ਦਾ ਵੰਨ ਔਫ ਦਾ ਬੈਸਟ ਵੰਨਜ਼ ਇੰਨ ਦਾ ਦੈਟ ਕਲੌਨੀ। ਵੱਡੀ ਕੋਠੀ ਬਣੀ ਸੀ, ਔਰ ਮੌਡਰਨ ਉਹਨੂੰ ਸਮਝਦੇ ਸੀ। ਮੌਡਰਨ ਇੰਨ ਦੋਜ਼ ਟਾਈਮ। ਮੂਹਰੇ ਦੋ ਬੈਠਕਾਂ, ਸੈਂਟਰ ਚੋਂ ਲੰਘਣ ਦੀ ਜਗ੍ਹਾ, ਫਿਰ ਆਲੇ-ਦੁਆਲੇ ਕਮਰੇ ਆ ਗਏ, ਉੱਚੀਆਂ-ਉੱਚੀਆਂ ਛੱਤਾਂ ਵਾਲੇ, ਜਿਹੜੀ 35-35 ਫੁੱਟ ਵਾਲੀ ਛੱਤ ਹੁੰਦੀ ਡਬਲ ਛੱਤ, ਔਰ ਮੂਹਰੇ ਪਹਿਲਾਂ ਘੱਟ ਛੱਤ ਵਾਲੇ, ਬਾਅਦ 'ਚ ਵੱਡੇ, ਇਸੇ ਤਰ੍ਹਾਂ ਇਕ ਪਿੱਛੇ ਪੋਰਸ਼ਨ ਇਡੰਟੀਕਲ, ਵਿੱਚੋਂ ਦੀ ਗੈਲਰੀ ਜਿਹੀ ਲੰਘਦੀ ਸੀਗੀ, ਇਟ ਵਾਜ਼ ਦੈਟ ਟਾਈਮ ਹਾਊਸਜ਼। ਸਾਰੇ ਪਰਿਵਾਰ ਵਾਸਤੇ ਇਕੋ ਈ ਬਾਥਰੂਮ ਨਹਾਉਣ ਵਾਸਤੇ ਕੋਈ ਅਟੈਚ-ਅਟੂਚ ਬਾਥਰੂਮ ਨਹੀਂ ਸੀ ਹੁੰਦੇ ਉਨ੍ਹਾ ਦਿਨਾਂ ਵਿੱਚ।

ਪ੍ਰ. ਤੁਹਾਡੀਆਂ ਜਿਹੜੀਆਂ ਰੋਜ਼ਾਨਾ ਜ਼ਰੂਰਤਾਂ ਜਿਵੇਂ ਦੁੱਧ ਵਗੈਰਾ, ਉਹ ਕਿੱਥੋਂ ਆਉਂਦਾ ਸੀ?

ਉ. ਮੱਝ ਰੱਖੀ ਸੀ ।

ਪ੍ਰ. ਪਸ਼ੂਆਂ ਦੀ ਦੇਖ ਭਾਲ ਕੌਣ ਕਰਦਾ ਸੀ?

ਉ. ਨੌਕਰ ਕਰਦੇ ਹੋਣੇ ਆ, ਬਾਕੀ ਮਾਤਾ ਤਾਂ ਸੁੱਪਰਵਾਈਜ਼ ਈ ਕਰਦੇ ਸੀਗੇ।

ਪ੍ਰ. ਜਦੋਂ ਕਿਤੇ ਬਿਮਾਰ ਹੁੰਦੇ ਸੀ ਤਾਂ ਇਲਾਜ ਕਿੱਥੋਂ ਕਰਵਾਉਂਦੇ ਸੀ?

ਉ. ਇਲਾਜ ਵਾਸਤੇ ਏਦਾਂ ਸੀ ਜੀ ਉਨ੍ਹਾ ਦਿਨਾਂ ਦੇ ਵਿੱਚ ਹਸਪਤਾਲ ਜਾਣਾ ਤਾਂ ਲੋਅ ਡਿਗਨਟੀ ਸਮਝਦੇ ਸੀ ਭਈ ਜਿਹੜੇ ਲੋਕੀਂ ਐਫ੍ਰਡ ਕਰ ਸਕਦੇ ਸੀ। ਸਾਡੇ ਘਰੋਂ ਕਦੇ ਕੋਈ ਹਸਪਤਾਲ ਦਾਖਲ ਨਹੀਂ ਸੀ ਹੋਇਆ, ਕਦੇ ਪ੍ਰਾਈਵੇਟ ਡਾਕਟਰ ਤੁਹਾਡਾ ਪਰਸਨਲ ਡਾਕਟਰ ਹੁੰਦਾ ਸੀ, ਜਿਵੇਂ ਸਾਡਾ... ਨਾਮ ਮੈਨੂੰ ਭੁੱਲ ਗਿਆ, ਜੇ ਲੋੜ ਪੈਣੀ ਤਾਂ ਘਰੇ ਆ ਜਾਣਾ ਦੇਖਣ, ਤੁਹਾਡਾ ਇਲਾਜ ਕਰਨ ਵਾਸਤੇ, ਜੇ ਤਹਾਨੂੰ ਲੋੜ ਏ ਤਾਂ ਤੁਸੀਂ ਉਹਦੀ ਕਲੀਨਿਕ ਤੇ ਜਾਣਾ, ਹਸਪਤਾਲ ਦਾ ਤਾਂ ਮੈ ਕਦੇ ਸੁਣਿਆਂ ਈ ਨਹੀਂ ਕਿ ਹਸਪਤਾਲ ਵੀ ਕੋਈ ਚੀਜ਼ ਹੁੰਦੀ ਐ ਜਾਂ ਇੱਥੇ ਦਾਖਲ ਵੀ ਹੋਣਾ ਐ, ਦੈਟ ਵਾਜ਼ ਮੈਟਰ ਫਾਰ ਲੋਅਰ ਕਲਾਸ ਪੀਪਲਜ਼, ਇਹ ਮੇਰੀ ਧਾਰਨਾ ਐ, ਪਤਾ ਨਹੀਂ ਸ਼ਾਇਦ ਦੂਜਿਆਂ ਵਾਸਤੇ ਵੀ ਹੋਵੇ। ਜੋ ਫੀਲਿੰਗ ਮੈਨੂੰ ਘਰ 'ਚ ਮਿਲਦੀ ਸੀ ਕਿ ਘਰ ਆਉ ਡਾਕਟਰ ਆ ਕੇ ਵੇਖੂ, ਉਹੀ ਇਲਾਜ ਕਰੂ, ਦਵਾਈਆਂ ਪ੍ਰਸਕਰਾਈਬਡ ਕਰਕੇ ਜਾਊ। ਜਾਂ ਕਦੇ-ਕਦਾਈਂ ਲੋੜ ਪੈਂਦੀ ਸੀ ਤਾਂ ਉਹਦੀ ਕਲੀਨਿਕ ਤੇ ਜਾਂਦੇ ਸੀ। ਔਰ ਡਾਕਟਰ ਸਿੰਪਲ ਹੁੰਦੇ ਸਨ ਕੋਈ ਐਮ.ਬੀ.ਬੀ.ਐੱਸ, ਐਮ.ਡੀ. ਨਹੀਂ ਸੀ ਹੁੰਦੇ।

ਪ੍ਰ. ਤੁਹਾਡੇ ਘਰ ਦੇ ਨੇੜੇ ਕੋਈ ਪਹਾੜ ਜਾਂ ਨਹਿਰ ਸੀ?

ਉ. ਨਹਿਰ ਜਾਂਦੀ ਸੀ, ਜਦੋਂ ਖਾਲਸਾ ਕੌਲੇਜ ਕੋਲੌਨੀ ਔਨ ਦਿਸ ਸਾਈਡ ਦੈਨ ਯੂ ਕਰੌਸ ਦਾ ਸਿਟੀ, ਦੇਅਰ ਵਾਜ਼ ਦਾ ਕੈਨਾਲ ਦੇਅਰ, ਉਹਦੇ ਪੁਲ ਤੋਂ ਲੌਘ ਕੇ ਫਿਰ ਸ਼ਹਿਰ ਜਾਈਦਾ ਸੀ। ਬਾਕੀ ਇੱਕ ਤੀਆਂ ਮਨਾਉਂਦੇ ਹੁੰਦੇ ਸੀ, ਸ਼ਾਇਦ ਸਾਵੇਂ ਵੀ ਮਨਾਉਂਦੇ ਹੁੰਦੇ ਸੀ। ਉਹ ਮੈਨੂੰ ਯਾਦ ਐ, ਦੈਟ ਵਾਜ਼ ਰੋਟੀਨ ਕਿ ਸਾਉਣ ਆਇਆ ਜੀ ਤੀਆਂ ਮਨਾਉਣੀਆਂ।

ਪ੍ਰ. ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਕਿਸੇ ਰਾਜਨੀਤਕ ਪਾਰਟੀ ਦੇ ਵਿਚ ਜਾਂ ਦੇਸ਼ ਵੰਡ ਦੇ ਸੰਘਰਸ਼ ਵਿਚ ਸ਼ਾਮਿਲ ਸੀ?

ਉ. ਮੇਰੇ ਫਾਦਰ ਜਿਵੇਂ ਮੈਂ ਤੁਹਾਨੂੰ ਦੱਸਿਆ ਕਿ ਕਈ ਉਨ੍ਹਾਂ ਨੇ ਕਈ ਪਾਪੜ ਵੇਲੇ ਨੇ। ਇਹਨਾਂ ਦਾ ਪਹਿਲਾਂ ਗਿਆਨੀ ਕਰਤਾਰ ਸਿੰਘ ਜੀ ਨਾਲ ਮੇਲ-ਜੋਲ ਸੀ, ਬੜੇ ਐਕਟਿਵ ਰਹੇ ਸ਼ਾਇਦ ਰਾਸ ਨਹੀਂ ਮਿਲਦੀ ਹੋਣੀ ਇਸ ਲਈ ਛੱਡ ਦਿੱਤਾ। ਪਰ ਜਾਣਦੇ ਸੀ ਸਾਰਿਆ ਨੂੰ, ਬਾਕੀ ਘਰ ਤੋਂ ਕੋਈ ਰੁਕਾਵਟ ਨਹੀਂ ਸੀ ਕਿ ਬੱਚਾ ਆਹ ਕੰਮ ਕਰਨਾ, ਆਹ ਨਹੀਂ ਕਰਨਾ, ਆਪਣੇ ਆਪ ਤੇ ਹੀ ਡੀਪੈਂਡ ਸੀਗੇ, ਜਿੱਧਰ ਨੂੰ ਜੀਅ ਕੀਤਾ ਚੱਲ ਪਏ ਤੇ ਜੇ ਨਹੀਂ ਠੀਕ ਲੱਗਾ ਤਾਂ ਵਾਪਸ ਆ ਕੇ ਹੋਰ ਰਾਹ ਫੜ੍ਹ ਲਿਆ।

ਪ੍ਰ. ਜੇਲ੍ਹ ਵਗੈਰਾ ਵੀ ਕਦੇ ਗਏ ਸੀਗੇ?

ਉ. ਨਹੀਂ ਇੰਨੇ ਐਕਟਿਵ ਨਹੀਂ ਸੀਗੇ, ਬਾਕੀ ਗਿਆਨੀ ਕਰਤਾਰ ਸਿੰਘ ਜੀ ਨਾਲ ਉਨ੍ਹਾਂ ਦੀ ਮਿੱਤਰਤਾ ਸੀਗੀ ਅਨੀਸ਼ੀਅਲ ਸਟੇਜ਼ਸ ਦੇ ਵਿਚ। ਬਾਕੀ ਮੈਨੇਜ਼ਿੰਗ ਕਮੇਟੀ ਨਨਕਾਣਾ ਸਾਹਿਬ ਦੀ ਸੀ ਨਾ ਜਿਹੜੀ, ਸਕੂਲ ਵੀ ਨਨਕਾਣਾ ਸਾਹਿਬ ਦਾ ਮੈਨਿਜ਼ ਕਰਦੀ ਸੀ, ਉਹਦੇ ਮੈਨੇਜਰ ਵੀ ਰਹੇ ਨੇ ਇਹ। ਇਹ ਰਹੇ ਜ਼ਰੂਰ ਨੇ ਰਾਜਨੀਤੀ ਵਿਚ, ਪਰ ਉਸ ਲੈਵਲ ਤੱਕ ਨਹੀਂ ਜਿਵੇਂ ਪੌਲੀਟੀਸ਼ੀਅਨ ਹੁੰਦੇ ਨੇ।

ਪ੍ਰ. ਜਦੋਂ ਪਾਕਿਸਤਾਨ ਬਣਿਆ ਉਸ ਵਕਤ ਤੁਹਾਡੀ ਉਮਰ ਕਿੰਨੀ ਸੀ?

ਉ. ਮੈਂ ਛੇਵੀਂ 'ਚ ਆਈ ਹੈਵ ਜਸਟ ਟੇਕਣ ਐਡਮਿਸ਼ਨ ਇਨ ਛੇਵੀਂ, ਸੋ ਗਿਆਰਾਂ ਕੁ ਸਾਲ ਦੀ ਸੀ।

ਪ੍ਰ. ਜਦੋਂ ਦੇਸ਼ ਵੰਡ ਦੀ ਖ਼ਬਰ ਪਤਾ ਲੱਗੀ ਤਾਂ ਉਸ ਵਕਤ ਤੁਸੀਂ ਕਿੱਥੇ ਸੀ?

ਉ. ਦੇਖੋ ਜੀ ਜਿਹੜੀ ਸਾਡੀ ਕੋਠੀ ਸੀ ਨਾ, ਇਹ ਜਿਹੜੀ ਕੋਠੀ ਡਿਸਕਰਾਈਬਡ ਕੀਤੀ ਆ ਨਾ, ਫਿਰ ਵੇਚ ਦਿੱਤੀ ਉਨ੍ਹਾਂ ਨੇ, ਮੇਰਾ ਖਿਆਲ ਵੇਚੀ ਵੀ ਪਰੌਬਲੀ 42-43 'ਚ ਆ, ਇਹ ਵੇਚਕੇ ਇੱਕ ਹੋਰ ਹਾਊਸ ਬਣਾਇਆ, ਉਹਦੇ ਵਿਚ ਬਹੁਤ ਖੁੱਲ੍ਹੀ ਜਗ੍ਹਾ ਸੀਗੀ। ਇਹ ਤਾਂ ਮੈਂ ਤੁਹਾਨੂੰ ਦੱਸਿਆਂ ਨਾ ਕਿ ਬੌਕਸ ਟਾਈਪ ਸੀ, ਜਿਹੜੀ ਪਹਿਲੀ ਡਿਸਕਰਾਈਬਡ ਕੀਤੀ, ਹੈ ਤਾਂ ਵੱਡੀ ਸੀ, ਪਰ ਬੌਕਸ ਟਾਈਪ, ਉਹ ਜਿਹੜੀ ਬਣਾਈ ਸੀ ਉਹਦੇ ਅੱਗੇ ਬਹੁਤ ਵੱਡੀ ਜਗ੍ਹਾ ਤੇ ਫਿਰ ਉਹ ਹਾਊਸ ਬਣਿਆਂ ਸੀ, ਫਿਰ ਉਹਦੇ ਪਿਛਲੇ ਪਾਸੇ ਵੀ ਆਊਟ ਹਾਊਸ ਬਣੇ ਹੋਏ ਸੀ, ਕਮਰੇ ਜਿਹੇ ਲਾਈਨ ਦੀ ਲਾਈਨ। ਇਹ ਪਾਰਟੀਸ਼ਨ ਤੋਂ ਕੋਈ ਛੇ ਮਹੀਨੇ ਪਹਿਲਾਂ, ਉੱਥੇ ਕੋਈ ਲੋਕ ਆ ਕੇ ਰਹੇ ਸਾਡੇ ਆਊਟ ਹਾਊਸਜ਼ ਵਿਚ ਤੇ ਉਹ ਲੇਡੀਜ਼ ਜਿਹੜੀਆਂ ਸੀ ਨਾ ਬਹੁਤ ਰੋਇਆ ਕਰਦੀਆਂ ਸੀ ਤੇ ਅਸੀਂ ਆਪਣੀ ਮਾਂ ਨੂੰ ਪੁੱਛਦੇ ਸਾਂ ਕਿ ਇਹ ਰੋਂਦੀਆਂ ਕਿਉਂ ਨੇ? ਕਿਉਂਕਿ ਸਾਨੂੰ ਬੱਚਿਆ ਨੂੰ ਕੀ ਪਤਾ ਇਹ ਕਿਉਂ

ਰੋਂਦੀਆਂ। ਉਦੋਂ ਆਈਡੀਆ ਹੋਇਆ, ਕਹਿੰਦੇ ਜੀ ਕਿ ਕੋਈ ਰਾਵਲਪਿੰਡੀ 'ਚ ਰਾਇਟਸ ਹੋਏ ਨੇ ਤੇ ਉਹ ਲੋਕ ਉੱਥੋਂ ਉੱਜੜ ਕੇ ਆਏ ਨੇ ਤੇ ਉਨ੍ਹਾ ਨੂੰ ਉਥੇ ਰੱਖਿਆ ਏ, ਇੰਨਾਂ ਕੁ ਮੈਨੂੰ ਯਾਂਦ ਐ। ਉਸ ਤੋਂ ਬਾਅਦ ਮੇਰਾ ਇੱਕ ਕਜ਼ਨ ਬ੍ਰੱਦਰ ਸੀਗਾ ਹੀ ਵਾਜ਼ ਇਨ ਦਾ ਆਰਮੀ, ਉਹ ਝਾਂਸੀ ਦੇ ਲਾਗੇ ਪੋਸਟਡ ਸੀਗਾ, ਤੇ ਸਕੂਲ-ਸਕਾਲ ਸਾਰੇ ਬੰਦ ਹੋ ਗਏ ਸੀਗੇ ਕਿਉਂਕਿ ਰਾਵਲਪਿੰਡੀ ਦੇ ਰਾਇਟਸ ਤੋਂ ਬਾਅਦ ਕੰਮ ਸ਼ੁਰੂ ਹੋ ਗਿਆ ਸੀਗਾ ਤੇ ਉਹ ਆਇਆ ਹੋਇਆ ਸੀਗਾ ਛੁੱਟੀ ਤੇ ਬਾਪੂ ਜੀ ਨੇ ਸਾਨੂੰ ਚਾਰਾਂ ਨੂੰ ਉਹਦੇ ਨਾਲ ਭੇਜ ਦਿੱਤਾ ਝਾਂਸੀ। ਅਸੀਂ ਨਹੀਂ ਦੇਖਿਆ ਪਰ ਸਾਡੇ ਮਾਪਿਆਂ ਨੇ ਇਹ ਸਭ ਦੇਖਿਆ, ਤੇ ਅਸੀ ਉਹਦੇ ਕੋਲੇ ਈ ਰਹਿੰਦੇ ਸੀਗੇ ਜਿੱਥੇ ਵੀ ਕੋਈ ਆਰਮੀ ਕੈਂਟ ਹੁੰਦਾ ਸੀਗਾ ਸਾਨੂੰ ਤਾਂ ਕੋਈ ਗਿਆਨ ਨਹੀਂ ਪਰ ਇੰਨਾਂ ਕੁ ਜ਼ਰੂਰ ਪਤਾ ਕਿ ਗੱਡੀਆਂ ਬੰਦ ਹੋ ਗਈਆ, ਰੌਲਾ ਬੜ੍ਹਾ ਪੈ ਰਿਹਾ, ਵੂਈ ਵਰ ਕਮਪੈਰੇਟੇਬਲੀ ਇੰਨ ਦਾ ਸੈਨਸ ਵੂਈ ਵਰ ਲਿਵਿੰਗ ਵਿਦ ਹਿੰਮ ਚਿਲਡਰਨ।

ਪ੍ਰ. ਤੁਹਾਡਾ ਪਰਿਵਾਰ ਜਾ ਤੁਹਾਡੇ ਤਾਇਆ ਜੀ ਉਹ ਸਾਰੇ ਕਿਵੇਂ ਇੱਧਰ ਆਏ?

ਉ. ਤਾਇਆ ਜੀ ਨੇ ਕੀ ਕੀਤਾ ਜਦੋਂ ਰਾਵਲਪਿੰਡੀ ਦੇ ਰੌਇਟਸ ਹੋਏ ਨਾ, ਮੈਂ ਤਹਾਨੂੰ ਦੱਸਿਆ ਕਿ ਉਹ ਅੰਨਪੜ੍ਹ ਸੀਗੇ। ਟੱਬਰ ਉਨ੍ਹਾਂ ਦਾ ਬਹੁਤ ਵੱਡਾ ਸੀਗਾ ਜ਼ਮੀਂਨ ਉਨ੍ਹਾ ਕੋਲ ਵੀ ਬਹੁਤ ਸੀ। ਤਾਇਆਂ ਜੀ ਵਾਜ਼ ਆਲਸੋ ਦਿਸ ਟਾਈਪ ਜਿਵੇਂ ਕਿ ਜਾਇਦਾਦ ਬਣਾਉਣ ਵਿਚ ਇੰਟਰੱਸਟ ਹੁੰਦਾ ਏ ਨਾ, ਸ਼ੁਰੂ ਤੋਂ ਸ਼ਾਇਦ ਰਿਸ਼ਤੇਦਾਰਾਂ ਨੇ ਪਾਲਿਆ ਪਤਾ ਨਹੀਂ ਕਿੰਨੀ ਜ਼ਮੀਨ ਦਿੱਤੀ ਕਿੰਨੀ ਨਹੀਂ ਦਿੱਤੀ ਪਰ ਅਖੀਰ ਉਨ੍ਹਾਂ ਨੇ ਸੇਮ ਮੁਰੱਬੇ ਬਣਾ ਲਏ ਜਿੰਨੇ ਸਾਡੇ ਸੀਗੇ ਤੇ ਫਿਰ ਉਨ੍ਹਾਂ ਨੇ ਕਿਹਾ ਕਿ ਗਿਆਨੀ ਜੀ ਅਸੀਂ ਮੋਹੀ ਸ਼ਿਫਟ ਕਰ ਲੈਦੇ ਆ ਪਰਿਵਾਰ ਸਾਰੇ ਨੂੰ ਨਾਲੇ ਸਮਾਨ ਸਾਰਾ ਭੇਜ ਦਿਉ। ਬਾਪੂ ਜੀ ਕਹਿੰਦੇ ਐਵੇਂ ਲੰਬੜਦਾਰ, ਉਨ੍ਹਾਂ ਨੂੰ ਲੰਬੜਦਾਰ ਕਹਿੰਦੇ ਹੁੰਦੇ ਸੀ ਉਹ ਲੰਬੜਦਾਰ ਸੀ ਚੱਕ ਨੰ. 41 ਜਿਹੜਾ ਸਮੁੰਦਰੀ ਸਾਹਬ ਦਾ ਚੱਕ ਸੀ ਨਾ ਬਿਸ਼ਨ ਸਿੰਘ ਸਮੁੰਦਰੀ ਦਾ ਉਹਦੇ ਨਾਲ ਦਾ ਚੱਕ ਸੀ, ਰੱਖ ਬ੍ਰਾਂਚ ਉਹ ਉੱਥੇ ਰਹਿੰਦੇ ਸੀਗੇ ਤੇ ਬਾਪੂ ਜੀ ਕਹਿੰਦੇ, "ਲੰਬੜਦਾਰ ਅੰਨਪੜ੍ਹ ਐ ਇਹਨੂੰ ਕੀ ਪਤਾ ਐ ਗੌਰਮੈਂਟ ਬਦਲ ਜਾਂਦੀ ਪਰ ਰੈਆ (ਜਨਤਾ) ਥੋੜੀ ਬਦਲ ਜਾਂਦੀ ਐ। ਹੈਂ ਗੌਰਮੈਂਟਾਂ ਬਦਲਦੀਆਂ ਰਹਿੰਦੀਆਂ ਨੇ ਤੇ ਗੌਰਮੈਂਟ ਦੇ ਤੁਸੀਂ ਰੂਲਜ਼ ਫਾਲੋ ਕਰੋ ਉੱਥੇ ਰਹੀ ਜਾਉ ਉੱਥੇ ਕੀ ਏ"। ਕਹਿੰਦੇ, "ਇਹਨੂੰ ਜਾਣ ਦਿਉ ਅਸੀਂ ਨਹੀਂ ਜਾਣਾ"। ਉਨ੍ਹਾਂ ਨੇ ਆਪਣਾ ਸਾਰਾ ਸਮਾਨ ਕੀਮਤੀ ਸੀ ਜੋ ਉਹ ਵੀ ਤੇ ਪੂਰਾ ਪਰਿਵਾਰ ਮੋਹੀ ਸ਼ਿਫਟ ਕਰ ਲਿਆ ਸਿਕਸ ਮੰਥਸ ਬੀਫੋਰ ਪਾਰਟੀਸ਼ਨ ਜਦੋਂ ਰਾਵਲਪਿੰਡੀ ਦੇ ਰਾਇਟਸ ਹੋਏ ਉਸ ਤੋਂ ਇੰਮੀਜੇਟਲੀ ਬਾਦ 'ਚ ਸ਼ਿਫਟ ਹੋਏ ਬਾਪੂ ਜੀ ਨੇ ਕੁਛ ਨਹੀ ਕੀਤਾ। ਉਹ ਤਾਂ ਚਲੇ ਗਏ ਜਦੋਂ ਰਾਇਟਸ ਹੋਏ ਨੇ ਤਾਂ ਖਾਲਸਾ ਕੌਲੇਜ ਕੈਂਪ ਬਣ ਗਿਆ ਸੀਗਾ ਤਾਂ ਉਹ ਨਿਕਲ ਕੇ ਦੇ ਡਿਡ ਕੈਰੀ ਐਨੀਥਿੰਗ ਵਿਦ ਦੈਮ। ਬਾਕੀ ਉਹ ਬਹਤਾ ਘਰ 'ਚ ਸਮਾਨ ਰੱਖਦੇ ਨਹੀਂ ਸੀਗੇ ਉਨ੍ਹਾਂ ਸਮਾਨ ਲਿਆ ਤੇ ਕੈਂਪ 'ਚ ਆ ਗਏ ਨੇ ਕੈਂਪ 'ਚੋਂ ਬੱਸਾਂ-ਬੁੱਸਾਂ ਚੱਲਦੀਆਂ ਸੀਗੀਆਂ, ਬੱਸ 'ਚ ਬੈਠ ਗਏ। ਬਾਕੀ ਸਾਡੇ ਘਰ ਦਾ ਕੋਈ ਜੀ ਮਰਿਆ ਨਹੀਂ ਬਾਕੀ ਬੱਸ 'ਚ ਬੈਠ ਕੇ

ਫਿਰ ਇਧਰ ਆ ਗਏ।ਤੇ ਇੱਕ ਮੇਰੀ ਮਾਂ ਦਾ ਹਾਫ ਬ੍ਰਦਰ ਸੀ ਮਾਈ ਮਾਂ ਦਾ ਓਨਲੀ ਚਾਈਲਡ ਆਫ ਮਾਈ ਨਾਨੀ ਤੇ ਮੇਰੇ ਨਾਨਾ ਜੀ ਦੀਆਂ ਵੀ ਦੋ ਸ਼ਾਦੀਆਂ ਸੀ, ਦੂਸਰੀ ਮਾਂ 'ਚੋ ਇੱਕ ਹਾਫ ਬ੍ਰਦਰ ਸੀ, ਜਿੰਨ੍ਹੇ ਸਾਡੇ ਕੋਲ ਰਹਿ ਕੇ ਹੀ ਐਗਰੀਕਲਚਰ ਕੌਲੇਜ ਤੋਂ ਐਮ.ਐਸ.ਸੀ. ਕੀਤੀ ਸੀ। ਸਾਡੇ ਘਰ 'ਚ ਹੀ ਬਾਪੂ ਜੀ ਨੇ ਉਨ੍ਹਾਂ ਨੂੰ ਪਾਰਟੀਸ਼ਨ ਪਾ ਕੇ ਰਹਿਣ ਲਈ ਜਗ੍ਹਾਂ ਦਿੱਤੀ ਹੋਈ ਸੀ ਕਿਉਂਕਿ ਹੀ ਵਾਜ਼ ਮੈਰੇਡ ਬਾਕੀ ਬੱਚਾ ਨਹੀਂ ਸੀ ਕੋਈ ਬੀਵੀ ਸੀਗੀ, ਉੱਥੇ ਈ ਉਹ ਰਹਿੰਦੇ ਸੀ ਨਾਲ ਈ ਉਹ ਆਏ ਨੇ ਇਨ੍ਹਾਂ ਦੇ ਤੇ ਮੇਰੇ ਨਾਨਕਿਆਂ ਦਾ ਪਿੰਡ ਹੈਗਾ ਸ਼ੰਕਰ ਲੁਧਿਆਣਾ ਡਿਸਟ੍ਰਿਕ 'ਚ ਨਾਨ ਜੀ ਵਾਜ਼ ਐਸ.ਪੀ.ਓ. ਕੈਨਾਲਸ ਐਟ ਦ ਟੈਟ ਟਾਈਮ ਮੇਰੇ ਮਾਮਾ ਜੀ ਨਾਲ ਈ ਉੱਥੋਂ ਆਏ ਨੇ। ਕਹਿੰਦੇ ਜਦੋਂ ਉਥੇ ਪਹੁੰਚੇ ਮੁੱਲਾਂਪੁਰ ਉੱਥੋਂ ਈ ਫਤਹਿ ਬੁਲਾਈ ਤੇ ਚਲੇ ਗਏ ਬਾਕੀ ਬਾਪੂ ਜੀ ਨੂੰ ਨਹੀਂ ਬੁਲਾਇਆ ਤੇ ਨਾ ਈ ਕਿਹਾ ਕਿ ਤੁਸੀਂ ਆ ਜਾਉ। ਉਦੋਂ ਮਤਲਬ ਇੰਨ੍ਹਾਂ ਨੂੰ ਰੀਲਾਈਜੇਸ਼ਨ ਹੋਈ। ਬਾਕੀ ਜਿਹੜੀ ਸਾਡੀ ਇੱਥੇ ਮੋਹੀ 'ਚ ਜ਼ਮੀਨ ਸੀ ਉਹ ਬਾਪੂਜੀ ਨੇ ਪਹਿਲਾਂ ਈ ਆਪਣੇ ਰਿਸ਼ਤੇਦਾਰਾਂ ਨੂੰ ਦੇ ਦਿੱਤੀ ਹੋਈ ਸੀ। ਸੋ ਇਸ ਲਈ ਇੱਥੇ ਨਾ ਸਾਡਾ ਘਰ ਸੀ ਤੇ ਨਾ ਜ਼ਮੀਨ ਸੀ। ਫਿਰ ਇਹ ਜਾ ਕੇ ਮੋਹੀ ਗਏ ਨੇ ਮੋਹੀ ਜਿਹੜੇ ਕੋਈ ਦੂਰ ਦੇ ਰਿਸ਼ਤੇਦਾਰ ਸੀ ਉਨ੍ਹਾਂ ਨੇ ਇਨ੍ਹਾਂ ਨੂੰ ਦੋ ਚੁਬਾਰੇ ਦਿੱਤੇ ਰਹਿਣ ਵਾਸਤੇ ਉੱਥੇ ਫਿਰ ਇਹ ਜਾ ਕੇ ਸਾਲ-ਛੇ ਮਹੀਨੇ, ਅਸੀਂ ਤਾਂ ਅਜੇ ਝਾਂਸੀ ਸੀਗੇ ਗੱਡੀਆਂ ਬੰਦ ਹੋਈਆਂ ਸੀ। ਕੋਈ ਆਣ-ਜਾਣ ਨਹੀਂ ਸੀ, ਅਨੀਸ਼ੀਅਲੀ ਗੱਡੀਆਂ ਜਿਹੜੀਆਂ ਚੱਲੀਆਂ ਨੇ ਉਹ ਆਰਮੀ ਪਰਸਨਜ਼ ਵਾਸਤੇ ਚੱਲੀਆ ਸੀ ਕਿ ਆਰਮੀ ਵਾਲੇ ਬੰਦੇ ਟਰੈਵਲ ਕਰਨ ਮਤਲਬ ਉਹ ਜਾ ਸਕਦੇ ਸੀ ਥੋੜ੍ਹਾ ਬਹੁਤਾ ਪਰਿਵਾਰ ਲੈ ਕੇ, ਉਦੋਂ ਕੋਈ ਆਰਮੀ ਵਾਲਾ ਛੁੱਟੀ ਆ ਰਿਹਾ ਸੀ ਤੇ ਮੇਰੇ ਵੱਡੇ ਭਾਈ ਨੂੰ ਮੇਰੇ ਕਜ਼ਨ ਨੇ ਉਨ੍ਹਾਂ ਨਾਲ ਭੇਜਿਆ ਸੀ ਅਸੀਂ ਤਾਂ ਬਾਅਦ 'ਚ ਤਿੰਨੇ ਜਾਣੇ ਆਏ ਆਂ,

ਪ੍ਰ. ਤੁਹਾਨੂੰ ਕਿਵੇਂ ਪਤਾ ਲੱਗਾ ਕਿ ਸਾਰਾ ਪਰਿਵਾਰ ਇਥੇ ਸ਼ਿਫਟ ਹੋ ਗਿਆ?

ਉ. ਕਜ਼ਨ ਦੱਸਦੇ ਸੀਗੇ।

ਪ੍ਰ. ਉਹਾਡੇ ਮਾਤਾ ਪਿਤਾ ਜੀ ਨੇ ਦੱਸਿਆ ਕਿ ਕਿਵੇਂ ਦੇ ਹਾਲਾਤ ਸੀ ਕੈਂਟ ਵਿਚ ਜਾਂ ਤੁਸੀ ਕੁਝ ਅੱਖੀਂ ਵੇਖਿਆ ਹੋਵੇ?

ਉ. ਮੈਂ ਤਾਂ ਅੱਖੀ ਕੁਝ ਨਹੀ ਵੇਖਿਆ ਬਾਕੀ ਗ਼ਰੀਬੀ ਜ਼ਰੂਰ ਵੇਖੀ ਏ। ਸਲਵਾਰ ਫਟੀ ਹੋਣੀ ਜਦੋਂ ਅਸੀਂ ਮੋਹੀ ਹੁੰਦੇ ਸੀ ਤਾਂ ਕੱਪੜੇ ਤਾਂ ਸ਼ਾਇਦ ਦੋ ਈ ਸੂਟ ਸੀਗੇ ਜਦੋਂ ਸਲਵਾਰ ਦਾ ਗੋਡਾ ਫਟ ਜਾਣਾ ਤਾਂ ਮੇਰੀ ਮਾਂ ਨੇ ਕੀ ਕਰਨਾ ਕਿ ਪਹੁੰਚਾ ਕੱਢਕੇ ਉਹਨੂੰ ਉਲਟਾ ਕਰ ਦੇਣਾ ਤੇ ਮੈਂ ਕਹਿਣਾ ਮੈਂ ਤੇ ਨਹੀਂ ਪਾਣਾ ਇਹ, ਤੇ ਉਨ੍ਹਾਂ ਕਹਿਣਾ ਪੈਸੇ ਨਹੀਂ ਏ ਨਵੀਂ ਸਲਵਾਰ ਕਿੱਥੋਂ ਲਿਆ ਕੇ ਦੇਵਾਂ ਜਸਟ ਵੰਨ ਅਕਸਪੀਰੀਐਂਸ ਆਈ ਹੈਵ। ਫੇਰ ਉੱਥੇ ਦਾ ਰਹਿਣ-ਸਹਿਣ ਏਨਾਂ ਅਜੀਬ ਸੀ ਖੂਹ ਚੋਂ ਪਾਣੀ ਕੱਢਣਾ ਡੋਲ ਜਿਹਾ ਥੱਲੇ ਸੁੱਟਣਾ ਅਸੀਂ ਤਾਂ ਕਦੇ ਜ਼ਿੰਦਗੀ 'ਚ ਉਠ ਤੇ ਹਲਟ ਵੇਖੇ ਈ ਨਹੀਂ ਸੀ, ਉਹ ਤਾਂ ਉਧਰ ਕਦੇ ਹੁੰਦੇ ਈ ਨਹੀਂ ਸੀ ।ਤੇ ਉਸ ਤੋਂ ਬਾਅਦ ਜਦੋਂ ਅਸੀਂ ਨਾਭੇ ਆ ਕੇ ਵੀ ਸੈੱਟ ਹੋਏ ਆਂ ਉਦੋਂ ਸਾਡੀ ਹਾਲਤ ਮਾੜੀ ਸੀ। ਮੈਨੂੰ ਯਾਦ ਐ ਮੈਂ ਅੱਠਵੀਂ ਚੋਂ ਫਸਟ ਆਈ ਸਕੂਲ ਚੋਂ ਤੇ ਆਹ ਨਵੀਆਂ-ਨਵੀਆਂ

ਕੈਂਡੀਆਂ ਜਿਹੀਆਂ ਚੱਲੀਆਂ ਸੀ ਇੱਕ ਪੈਸੇ ਦੀ ਕਿ ਦਸ ਪੈਸੇ ਦੀ ਸੀ ਮੇਰੀਆਂ ਸਹੇਲੀਆਂ ਮੇਰੇ ਦੁਆਲੇ ਹੋ ਗਈਆਂ ਕਿ ਸਾਨੂੰ ਪਾਰਟੀ ਦੇਹ ਤੇ ਮੈਂ ਆਪਣੀ ਮਾਂ ਨੂੰ ਮਨਾ-ਮਨੂੰ ਕੇ ਖਰੇ ਰੁਪੱਈਆਂ ਕਿ ਡੇਢ ਰੁਪੱਈਆ ਲਿਆ ਤੇ ਜਾ ਕੇ ਮੈਂ ਉਨ੍ਹਾਂ ਨੂੰ ਦਸ-ਦਸ ਪੈਸੇ ਦੀਆਂ ਕੈਂਡੀਆਂ ਖਵਾ ਦਿੱਤੀਆਂ ਤੇ ਮੇਰੇ ਪਿੱਛੋਂ ਮੇਰੇ ਫਾਦਰ ਨੂੰ ਪਤਾ ਲੱਗ ਗਿਆ ਕਿ ਇਹਦੀ ਮਾਂ ਨੇ ਡੇਢ ਰੁਪੱਈਆ ਦੇ ਦਿੱਤਾ ਏ ਇਹਨੂੰ, ਫੀਸ ਵੀ ਸਾਰੀ ਰੁਪੱਈਆ ਈ ਹੁੰਦੀ ਸੀ, ਇੰਨੀਆਂ ਮੈਨੂੰ ਝਿੜਕਾਂ ਪਈਆਂ, ਇੰਨਾਂ ਮੈਨੂੰ ਗੁੱਸਾ ਹੋਏ ਕਹਿੰਦੇ ਕਿ ਡੇਢ ਰੁਪੱਈਆ ਫਲਾਣੀ ਥਾਂ ਤੇ ਇਸਤੇਮਾਲ ਕਰਨਾ ਸੀ ਤੇ ਤੂੰ ਜਾ ਕੇ ਉਹੀ ਖਵਾ ਆਈ ਉਹਨਾਂ ਨੂੰ। ਤੇ ਫਿਰ ਉਸ ਤੋਂ ਬਾਅਦ ਅਸੀਂ ਲੁਧਿਆਣੇ ਸ਼ਿਫਟ ਕੀਤੇ ਆਂ, ਹਾਂ ਇਹ ਠੀਕ ਐ ਕਿ ਮੇਰੇ ਫਾਦਰ ਇਹ ਕਹਿੰਦੇ ਸੀ ਕਿ ਭਾਵੇਂ ਜੋ ਮਰਜੀ ਹੋ ਜਾਵੇ ਮੈਂ ਇਨ੍ਹਾਂ ਨੂੰ ਪੜ੍ਹਾਉਣਾ ਜ਼ਰੂਰ ਏ ਬਾਕੀ ਹਾਲਾਤ ਸਾਡੇ ਮਾੜੇ ਸੀ ਘਰ 'ਚ ਕਸ਼ਮਕਸ਼ ਮਤਲਬ ਕਿ ਇੱਕ ਵਾਰੀ ਕੋਈ ਫੀਸ ਸ਼ਾਇਦ ਦੇਣੀ ਸੀ, ਸ਼ਾਇਦ ਦਾਖਲਾ ਦੇਣਾ ਸੀ ਇੱਕ ਮੇਰੀ ਮਾਂ ਦੀ ਕਜ਼ਨ ਸਿਸਟਰ ਰਹਿੰਦੀ ਸੀ ਉੱਥੇ ਤੇ ਮੇਰੇ ਫਾਦਰ ਮੇਰੀ ਮਾਂ ਨੂੰ ਕਹਿਣ ਕਿ ਜਾਹ ਉਨ੍ਹਾਂ ਤੋਂ ਪੈਸੇ ਲਿਆ ਮੰਗ ਕੇ ਮੇਰੇ ਮਾਂ ਕਹਿਣ ਮੈਂ ਨਹੀਂ ਜਾਣਾ ਉਹ ਕਹਿਣ ਫੀਸ ਦਾ ਦਾਖਲਾ ਜਾਣ ਵਾਲਾ ਬੱਚਾ ਰਹਿ ਜਾਊ ਤੇ ਜਿਵੇਂ ਘਰ ਵਿਚ ਟੈਨਸ਼ਨ ਹੁੰਦੀ ਆ ਕਿ ਪੈਸਾ ਹੈ ਨਹੀਂਗਾ ਤੇ ਪੈਸਾ ਲੋੜੀਦਾ ਇੱਕ-ਇੱਕ ਰੁਪੱਈਏ ਪਿੱਛੇ ਕਈ ਦਫ਼ਾ ।

ਪ੍ਰ. ਕੀ ਤਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਲੱਗਦਾ ਸੀ ਕਿ ਅਸੀਂ ਕਦੇ ਵਾਪਸ ਜਾਵਾਂਗੇ ?

ਉ. ਨਹੀਂ ਮੈਂ ਤਹਾਨੂੰ ਦੱਸਿਆ ਨਾ ਕਿ ਉਹ ਕਹਿੰਦੇ ਸੀ ਕਿ ਗੌਰਮੈਂਟਾਂ ਬਦਲ ਜਾਂਦੀਆਂ ਪਰ ਰੈਇਤਾਂ ਥੋੜਾ ਬਦਲਦੀਆਂ। ਉਹਨਾਂ ਨੂੰ ਕਿੱਥੇ ਪਤਾ ਸੀਗਾ ਕਿ ਅਸੀਂ ਪਰਮਾਨੈਂਟਲੀ ਜਾ ਰਹੇ ਆਂ ਬਾਕੀ ਬਾਅਦ 'ਚ ਤਾਂ ਇਨ੍ਹਾਂ ਨੇ ਕੁਝ ਨਹੀਂ ਕੀਤਾ ਜ਼ਮੀਨ ਵੀ ਮਿਲ ਗਈ ਸੀ, 12 ਕੁ ਏਕੜ ਪਹਿਲਾਂ ਮਿਲ ਗਈ ਉਹਦੇ 'ਚੋਂ ਗੁਜਾਰਾ ਚੱਲਣ ਲੱਗ ਗਿਆ ਫਿਰ ਪਰਮਾਨੈਂਟ ਅਲਾਟਮੈਂਟ ਹੋ ਗਈ। ਫਿਰ ਕੁਝ ਐਫ.ਡੀ. ਵਗੈਰਾ ਸੀਗੇ ਉਹ ਫਿਰ ਪਤਾ ਨਹੀਂ ਕਿਸ ਤਰ੍ਹਾਂ ਕੈਸ਼ ਕਰਾਏ, ਕੁਝ ਮੇਰੀ ਮਾਂ ਦੀ ਜਿਊਲਰੀ ਸੀ ਜਿਹੜੀ ਉਹ ਸਾਰੀ ਵੇਚੀ, ਕੁਝ ਮੈਨੂੰ ਯਾਦ ਐ ਕਿ ਮਾੜੀਆਂ-ਮੋਟੀਆਂ ਚੀਜਾਂ ਵਸਤਾਂ ਸੀ ਉਹ ਵੇਚ ਦਿੱਤੀਆਂ ।

ਪ੍ਰ. ਕੋਈ ਤੁਹਾਡੀ ਜਾਣ ਪਛਾਣ ਦੇ ਲੋਕ ਉਧਰ ਵੀ ਰਹਿ ਗਏ ?

ਉ. ਨਹੀਂ ਜਿਵੇਂ ਮੈਂ ਤਹਾਨੂੰ ਦੱਸਿਆ ਕਿ ਸਾਡੀ ਰਿਸ਼ਤੇਦਾਰੀ ਬੜੀ ਥੋੜ੍ਹੀ ਸੀ।

ਪ੍ਰ. ਕੀ ਤੁਹਾਡੇ ਮਾਤਾ ਪਿਤਾ ਜੀ ਨੂੰ ਕਿਸੇ ਕੋਈ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ ਕੀਤੀ?

ਉ. ਨਹੀਂ ਏਨਾਂ ਕੁ ਜ਼ਰੂਰ ਸੀ ਕਿ ਲੋਕ ਬੜੇ ਸੈਲਫਿਸ਼ ਹੋ ਗਏ ਸੀਗੇ। ਆਮ ਤੌਰ ਤੇ ਰਫਿਊਜ਼ੀ ਕਹਿੰਦੇ ਸੀ ਨਾਂ ਜਿੜਹੇ ਆਏ ਸੀ ਇੱਧਰੋਂ ਕੋਈ ਵੀ ਰਿਸ਼ਤੇਦਾਰ ਮੂੰਹ ਲਾ ਕੇ ਰਾਜੀ ਨਹੀਂ ਸੀ, ਕੋਈ ਬੜਾ ਚੰਗਾ ਸੀ ਤਾਂ ਉਹ ਮਦਦ ਕਰ ਦਿੰਦਾ ਸੀ।ਕਿਉਂ ਹਰ ਕੋਈ ਡਰਦਾ ਸੀਗਾ ਕਿ ਸਾਡੇ ਕੋਲੋਂ ਪੈਸੇ ਮੰਗਣਗੇ।

ਪ੍ਰ. ਤੁਹਾਡੀ ਜਾਣ ਪਛਾਣ ਦੇ ਜਿਹੜੇ ਲੋਕ ਉਧਰ ਸਨ, ਜਿਵੇਂ ਕਿ ਮੁਸਲਮਾਨ ਉਨ੍ਹਾ ਨੇ ਵੰਡ ਵੇਲੇ ਤੁਹਾਡੇ ਪਰਿਵਾਰ ਦੀ ਕੋਈ ਮਦਦ ਕੀਤੀ।

ਉ. ਮੈਨੂੰ ਨਹੀਂ ਪਤਾ, ਬਾਪੂ ਜੀ ਨੂੰ ਸ਼ਾਇਦ ਕੋਈ ਆਈਡੀਆ ਹੋਵੇ। ਬਾਕੀ ਇਥੇ ਜਿਹੜੀ ਲਾਇਬ੍ਰੇਰੀ ਉਨ੍ਹਾ ਨੇ ਇਕੱਠੀ ਕੀਤੀ, ਉਹ ਸਾਰੀ ਉਨ੍ਹਾ ਦੇ ਦੋਸਤਾਂ ਨੇ ਮਦਦ ਕੀਤੀ, ਪੈਸਾ ਤਾਂ ਸਾਡੇ ਕੋਲ ਹੈ ਈ ਕੋਈ ਨਹੀਂ ਸੀ, ਖਰੀਦਣਾ ਕਿੱਥੋਂ ਸੀ, ਜਿਵੇਂ ਉਨ੍ਹਾ ਦਾ ਕੀ ਨਾਮ... ਕਾਹਨ ਸਿੰਘ ਨਾਭਾ ਹੋਰਾਂ ਦਾ ਕੋਸ਼ ਆ, ਉਹ ਸਾਰਾ ਕੁਝ ਲਾਇਬ੍ਰੇਰੀ ਵਿਚ ਸੀ ਤੇ ਉਹ ਵਰਤਦੇ ਸੀਗੇ। ਉਹ ਸਾਰਾ ਕੁਝ ਉਨ੍ਹਾ ਖਰੀਦਿਆ ਥੋੜ੍ਹੀ ਸੀ, ਇਹ ਸਿਰਫ ਲੋਕਾਂ ਨੇ ਈ ਦਿੱਤਾ ਸੀ, ਜਿਹੜੇ ਉਨ੍ਹਾ ਦੇ ਜਾਣ ਪਛਾਣ 'ਚ ਸੀ। ਜਾਣ ਪਛਾਣ ਬਹੁਤ ਸੀ ਉਨ੍ਹਾ ਦੀ ਮਤਲਬ, ਸਿਰ ਕੱਢ ਵਕੀਲ ਸੀ ਉਸ ਟਾਈਮ ਦੇ।

ਪ੍ਰ. ਉਸ ਸਮੇਂ ਕਿਸੇ ਸਕਿਓਰਟੀ, ਪੁਲਿਸ ਜਾਂ ਕਿਸੇ ਆਂਢੀ-ਗੁਆਂਢੀ ਨੇ ਤੁਹਾਡੀ ਮਦਦ ਕੀਤੀ?

ਉ. ਉਹਨਾਂ ਦਾ ਇੱਕ ਸਟੂਡੈਂਟ ਏ.ਐਸ.ਆਈ. ਸੀ, ਉਸ ਨੇ ਮਦਦ ਕੀਤੀ ਮਤਲਬ ਉਹਦਾ ਆਸਰਾ ਸੀ ਸਾਨੂੰ, ਬਾਕੀ ਤਾਂ ਉਨ੍ਹਾ ਦਿਨਾਂ ਦੇ ਵਿੱਚ ਕੰਮ ਵੀ ਲੋਕਾਂ ਦੇ ਕਿੰਨੇ ਕੁ ਹੁੰਦੇ ਸੀਗੇ ਮਾੜੇ ਮੋਟੇ ਸੀ।

ਪ੍ਰ. ਵੰਡ ਪਿੱਛੋਂ ਤੁਸੀਂ ਆਪਣਾ ਜੱਦੀ ਪਿੰਡ ਛੱਡ ਕੇ ਮੋਹੀ ਤੋਂ ਨਾਭੇ ਕਿਵੇਂ ਸ਼ਿਫਟ ਹੋਏ?

ਉ. ਅੱਥੇ ਸਾਡਾ ਹੈ ਈ ਕੁਛ ਨਹੀਂ ਸੀ। ਉਥੇ ਸਾਡੇ ਬੜੇ ਦੂਰ ਦੇ ਰਿਸ਼ਤੇਦਰ ਸੀ, ਜਿੰਨਾਂ ਨੇ ਸਾਨੂੰ ਦੋ ਚੁਬਾਰੇ ਦਿੱਤੇ ਸੀਗੇ। ਸੋ ਜਿੰਨੀ ਦੇਰ ਤਾਈਂ ਅਸੀਂ ਬੱਚੇ ਨਹੀਂ ਆਏ ਨਾਭੇ, ਤਾਂ ਬਾਪੂ ਜੀ ਨੂੰ ਇਹੀ ਲੱਗਿਆ ਕਿ ਮੋਹੀ ਰਹਿ ਕੇ ਤਾਂ ਮੈਂ ਇਨ੍ਹਾ ਨੂੰ ਪੜ੍ਹਾ ਨਹੀਂ ਸਕਦਾ ਕਿਉਂ ਕਿ ਮੋਹੀ ਦੇ ਲਾਗੇ-ਚਾਗੇ ਕੋਈ ਇੰਸਟੀਚਿਊਟ ਵੀ ਨਹੀਂ ਸੀ। ਸੰਤ ਨਿਰੰਜਨ ਸਿੰਘ ਮੋਹੀ ਵਾਲਿਆਂ ਨਾਲ ਇਨ੍ਹਾ ਦਾ ਕਾਫ਼ੀ ਸੰਪਰਕ ਰਿਹਾ। 'ਹੀ ਵਾਜ਼ ਵ੍ਹੈਰੀ ਨਾਈਸ ਮੈਨ। ਬਾਕੀ ਪੜ੍ਹਾਉਣ ਵਾਸਤੇ ਮੋਸਟਲੀ ਕਿ ਹਿਜ਼ ਥੌਟ ਲਾਈਕ ਕਿ ਨਾਭਾ ਈ ਸੀ। ਉਨ੍ਹਾ ਦਿਨਾਂ 'ਚ ਉੱਥੇ ਮੇਰਾ ਖ਼ਿਆਲ ਪੜ੍ਹਾਈ ਵਾਸਤੇ ਨਾਭੇ ਚਲੇ ਗਏ, ਨਾਭੇ ਨਾਲ ਹੋਰ ਕੋਈ ਤਅੱਲੁਕ ਨਹੀਂ ਸੀ।

ਪ੍ਰ. ਤੁਹਾਡੇ ਤਾਇਆ ਜੀ ਦੀ ਫੈਮਿਲੀ ਫਿਰ ਕਿੱਥੇ ਗਈ?

ਉ. ਉਹ ਪਹਿਲਾਂ ਤਾਂ ਮੋਹੀ ਰਹੇ, ਤੇ ਫਿਰ ਜਦੋਂ ਪਰਮਾਨੈਂਟ ਅਲੌਟਮੈਂਟ ਸਾਡੀ ਭਦੌੜ ਸੰਗਰੂਰ ਡਿਸਟ੍ਰਿਕ ਵਿੱਚ ਹੋਈ, ਫਿਰ ਉੱਥੇ ਚਲੇ ਗਏ ਸੀ। ਉਨ੍ਹਾ ਦਾ ਅਜੇ ਵੀ ਸਾਰਾ ਟੱਬਰ ਉੱਥੇ ਈ ਐ ਭਦੌੜ।

ਪ੍ਰ. ਜਦੋਂ ਕਿ ਅੰਮ੍ਰਿਤਸਰ ਵੀ ਰਫ਼ਿਊਜੀ ਕੈਂਪ ਲੱਗਾ ਸੀ ਤਾਂ ਇਹ ਸਿੱਧੇ ਕਿੱਥੇ ਪਹੁੰਚੇ?

ਉ. ਨਹੀਂ ਇਹ ਅੰਮ੍ਰਿਤਸਰ ਨਹੀਂ ਆਏ ਇਹ ਸਿੱਧੇ ਲੁਧਿਆਣੇ ਈ ਪਹੁੰਚੇ।

ਪ੍ਰ. ਤੁਸੀਂ ਜਦੋਂ ਲਾਇਲਪੁਰ ਤੋਂ ਝਾਂਸੀ ਗਏ ਤਾਂ ਕਿਹੜੇ ਰਸਤੇ ਗਏ?

ਉ. ਨਹੀਂ ਮੈਨੂੰ ਨਹੀਂ ਯਾਦ ਕਿਉਂਕਿ ਮੈਂ ਉਦੋਂ ਛੋਟੀ ਸੀ, ਵੱਡੇ ਨੂੰ ਸ਼ਾਇਦ ਪਤਾ ਹੋਵੇ, ਬਾਕੀ ਉਦੋਂ ਗੱਡੀ ਤੇ ਈ ਟਰੈਵਲ ਕਰਦੇ ਸੀ।

ਪ੍ਰ. ਵੰਡ ਤੋਂ ਬਾਅਦ ਜਦੋਂ ਤੁਹਾਨੂੰ ਪਤਾ ਲੱਗਾ ਕਿ ਤੁਹਾਡਾ ਸਾਰਾ ਪਰਿਵਾਰ ਇਧਰ ਆ ਗਿਆ ਤਾਂ ਤੁਸੀਂ ਕੀ ਮਹਿਸੂਸ ਕੀਤਾ?

ਉ. ਮੇਰਾ ਖਿਆਲ ਦੋਜ਼ ਡੇਜ਼ ਵਰ ਨਾਟ ਲਾਈਕ ਦਿੱਸ, ਅੱਜ ਕੱਲ੍ਹ ਦੇ ਬੱਚੇ ਤਾਂ ਬੜ੍ਹੇ ਈ ਵੈੱਲ ਇਨਫੌਰਮਡ ਤੇ ਬੜ੍ਹੇ ਚੁਸਤ ਨੇ। ਮੈਨੂੰ ਤਾਂ ਕੋਈ ਯਾਦ ਨਹੀਂ ਕਿ ਮੈਨੂੰ ਲੱਗਿਆ ਕਿ ਅਸੀਂ ਬੜ੍ਹੇ ਗ਼ਰੀਬ ਹੋ ਗਏ ਆਂ। ਉੱਥੇ ਆ ਕੇ ਜ਼ਰੂਰ ਪਤਾ ਲੱਗਿਆ ਕਿ ਸਲਵਾਰ ਵੀ ਫਟੀ ਹੋਈ ਪਾਉਣੀ ਐ ਪਰ ਉਦੋਂ ਕੋਈ ਅਸੈੱਸਮੈਂਟ ਜਾ ਕੋਈ ਇਹੋ ਜਿਹਾ ਅਹਿਸਾਸ ਨਹੀਂ ਹੋਇਆ ਕਿ ਸਾਨੂੰ ਕੀ ਹੋਇਆ ਕੀ ਨਹੀਂ ਹੋਇਆ।

ਪ੍ਰ. ਇੱਧਰ ਆ ਕੇ ਲੋਕਾਂ ਦਾ ਤੁਹਾਡੇ ਪ੍ਰਤੀ ਕੀ ਰਵੱਈਆ ਸੀ?

ਉ. ਲੋਕ ਮੂੰਹ ਨਹੀਂ ਸੀ ਲਗਾਉਂਦੇ। ਬਾਕੀ ਰਿਸ਼ਤੇਦਾਰੀ ਬੜੀ ਥੋੜ੍ਹੀ ਸੀ। ਜਿਹੜੀ ਸੀਗੀ ਉਹ ਮੇਰੇ ਮਦਰ ਦਾ ਹਾਫ ਬਰੱਦਰ (ਮਤ੍ਰੇਆ ਭਰਾ) ਸੀ, ਉਹ ਵੀ ਛੱਡ ਕੇ ਚਲਾ ਗਿਆ। ਦੈਂਨ ਸਟੂਡੈਂਟ ਇਨ੍ਹਾ ਦਾ ਜਿਹੜਾ ਸੀ, ਉਹਨੇ ਡੇ ਟੂ ਡੇ ਛੋਟੀ ਮੋਟੀ ਹੈਲਪ ਜ਼ਰੂਰ ਕੀਤੀ ਤੇ ਉਹਦੇ ਆਸਰੇ ਤੇ ਈ ਨਾਭੇ ਗਏ ਸੀ, ਹੋਰ ਕੋਈ ਨਾਭੇ ਨਾਲ ਤਾਅੱਲੁਕ ਨਹੀਂ ਸੀ ।

ਪ੍ਰ. ਤੁਸੀਂ ਵੰਡ ਤੋਂ ਲੈ ਕੇ ਹੁਣ ਤੱਕ ਕਿੱਥੇ-ਕਿੱਥੇ ਰਹੇ?

ਉ. ਨਾਭੇ ਤੋਂ ਮੈਂ ਦਸਵੀ ਕੀਤੀ, ਮੇਰੇ ਵੱਡੇ ਭਾਈ ਨੇ ਬਾਰ੍ਹਵੀਂ ਕੀਤੀ, ਉਤੋਂ ਛੋਟੇ ਜਿਹੜੀਆਂ ਵੀ ਜਮਾਤਾ 'ਚ ਹੋਣਗੇ ਮੈਨੂੰ ਯਾਦ ਨਹੀ। ਫਿਰ ਅਸੀਂ ਲੁਧਿਆਣੇ ਆ ਗਏ, ਆਈ ਥੌਟ ਐਜੂਕੇਸ਼ਨ ਵਾਜ਼ ਦਾ ਮੇਨ ਮਕਸਦ ਆਫ ਮਾਈ ਫਾਦਰ। ਲੁਧਿਆਣੇ ਫਿਰ ਉਨ੍ਹਾ ਨੇ ਮਾਡਲ ਟਾਊਨ ਪਲੌਟ ਖਰੀਦ ਲਿਆ। ਉਦੋਂ ਥੋੜ੍ਹੇ ਹਾਲਾਤ ਸੁਖਾਵੇਂ ਹੋ ਗਏ ਹੋਣੇ ਆਂ। ਘਰ ਉੱਥੇ ਬਣਾ ਲਿਆ ਫਿਰ ਲੁਧਿਆਣੇ ਈ ਰਹੇ ਆਂ। ਇੱਥੇ ਈ ਮੈਂ ਐੱਫ.ਐਸ.ਸੀ. ਕੀਤੀ ਮੈਡੀਕਲ ਕਾਲਜ ਵਿੱਚ, ਉਦੋਂ ਵੀ ਅਸੀਂ ਲੁਧਿਆਣੇ ਸੀਗੇ ਤੇ ਮੇਰੇ ਛੋਟੇ ਭਰਾਵਾਂ ਨੇ ਵੀ ਉੱਥੋਂ ਈ ਐਫ.ਐਸ.ਸੀ. ਕੀਤੀ। ਫਿਰ ਲੁਧਿਆਣੇ ਵਿੱਚੋਂ ਵੀ ਘਰ ਵੇਚ ਦਿੱਤਾ ਸੀ। ਉਸ ਤੋਂ ਬਾਅਦ ਫਿਰ ਮੇਰੇ ਛੋਟੇ ਭਾਈ ਦਾਖਲ ਹੋ ਗਏ ਪਟਿਆਲੇ ਮੈਡੀਕਲ ਕਾਲਜ, ਤਾਂ ਬਾਪੂ ਜੀ ਪਟਿਆਲੇ ਸ਼ਿਫਟ ਕਰ ਗਏ, ਉਨ੍ਹਾ ਨੂੰ ਇਹ ਸੀ ਕਿ ਘਰ ਰਹਿ ਕੇ ਖਰਚਾ ਘੱਟ ਹੋਊ, ਹੋਸਟਲ 'ਚ ਖਰਚਾ ਜ਼ਿਆਦਾ ਹੋਊ, ਜਿੰਨਾਂ ਚਿਰ ਤੱਕ ਉਨ੍ਹਾ ਨੇ ਐਮ.ਬੀ.ਬੀ.ਐੱਸ. ਨਹੀਂ ਕੀਤੀ ਉਨ੍ਹਾਂ ਚਿਰ ਪਟਿਆਲੇ ਈ ਰਹੇ। ਉਸ ਤੋਂ ਬਾਅਦ ਫਿਰ ਜਿਹੜਾ ਮੇਰਾ ਵੱਡਾ ਭਾਈ ਸੀ, ਉਹ ਅਮੈਰਿਕਾ ਚਲਾ ਗਿਆ ਸੀ ਆਫਟਰ ਗਰੈਜੂਏਸ਼ਨ, ਚਾਰ ਪੰਜ ਸਾਲ ਉੱਥੇ ਰਹਿ ਕੇ ਇਹ ਫਿਰ ਵਾਪਸ ਆ ਗਿਆ। ਉੱਥੋਂ ਇਹ ਫਿਰ ਚੰਡੀਗੜ੍ਹ ਆ ਗਿਆ, ਇਹਨੇਂ ਫਿਰ ਆਪਣਾ ਘਰ-ਘੁਰ ਬਣਾ ਲਿਆ ਕਿਉਂਕਿ ਇਹਦੇ ਕੋਲ ਪੈਸੇ-ਪੂਸੇ ਬਥੇਰੇ ਕਮਾਏ ਸੀ ਅਮੈਰਿਕਾ ਤੋਂ। ਉਸ ਤੋਂ ਬਾਅਦ ਬਾਪੂ ਜੀ ਤੇ ਬੀਜੀ ਭਦੌੜ ਵਾਲਾ ਘਰ ਤੇ ਸੀ ਈ ਸਾਡੇ ਕੋਲੇ, ਕਿਉਂਕਿ ਉੱਥੇ ਵੀ ਘਰ ਮਿਲ ਗਿਆ ਸੀ, ਬਾਕੀ ਬਾਪੂ ਜੀ ਚੰਡੀਗੜ੍ਹ ਰਹਿਣ ਲੱਗ ਗਏ ਸੀਗੇ, ਉੱਥੇ ਈ ਬਾਪੂ ਜੀ ਐਕਸਪਾਇਰ ਹੋਏ ਤੇ ਮਾਤਾ ਜੀ ਵੀ।

ਪ੍ਰ. ਤੁਸੀਂ ਪਾਕਿਸਤਾਨ ਤੋਂ ਜਦੋਂ ਇੱਧਰ ਆਏ ਤਾਂ ਰੁਜ਼ਗਾਰ ਕੀ ਚਲਾਇਆ?

ਉ. ਕੋਈ ਰੁਜ਼ਗਾਰ ਨਹੀਂ ਸੀ।

ਪ੍ਰ. ਰੁਜ਼ਗਾਰ ਤੋਂ ਬਿਨ੍ਹਾ ਆਪ ਦੇ ਪਰਿਵਾਰ ਦਾ ਗੁਜ਼ਾਰਾ ਕਿਵੇਂ ਚੱਲਦਾ ਸੀ?

ਉ. ਐਫ.ਡੀ. ਵਗੈਰਾ ਥੋੜ੍ਹੇ ਕਰਾਏ ਹੋਏ ਸੀ, ਕੁਝ ਜੇਵਰ ਵੇਚ ਲਏ ਹੋਣੈ, ਕੁਝ ਭਾਂਡੇ ਵਗੈਰਾ ਵੇਚ ਲਏ ਹੋਣੇ ਆ, ਸ਼ਾਇਦ ਮਾੜੇ ਮੋਟੇ ਕਿਸੇ ਤੋਂ ਲਏ ਵੀ ਹੋਣ ਪੈਸੇ। ਬਾਕੀ ਉਦੋਂ ਥੋੜ੍ਹਿਆਂ 'ਚ ਗੁਜ਼ਾਰਾ ਹੋ ਜਾਂਦਾ ਸੀ। ਜਿਵੇਂ ਕਿ ਤਹਾਨੂੰ ਦੱਸਿਆ ਸੀ ਕਿ ਸਲਵਾਰ ਫਟੀ ਹੋਣੀ ਤਾਂ ਮਤਲਬ ਕਿ ਇਵੇਂ ਬੜਾ ਸਿੰਪਲ ਰਹਿਣ ਸਹਿਣ ਸੀ। ਫਿਰ ਪਰਮਾਨੈਂਟ ਅਲੌਟਮੈਂਟ ਵਿੱਚ ਤਾਂ ਜ਼ਮੀਨ ਮਿਲ ਈ ਗਈ ਸੀ। ਫਿਰ ਵੀ ਕੱਟ-ਕਟਾ ਕੇ 120 ਏਕੜ ਜ਼ਮੀਨ ਮਿਲ ਗਈ ਸੀ। ਫਿਰ ਠੇਕਾ ਮਿਲ ਜਾਂਦਾ ਸੀ ਕਿਉਂਕਿ ਆਪ ਤਾਂ ਵਾਹੀ ਕਰਦੇ ਨਹੀਂ ਸੀ, ਬਾਕੀ ਭਾਅ ਵੀ ਸੁਵੱਲੇ ਸੀ ਉਨ੍ਹਾ ਦਿਨਾਂ 'ਚ।

ਪ੍ਰ. ਇੱਧਰ ਆ ਕੇ ਤਹਾਨੂੰ ਮਕਾਨ ਜਾਂ ਕੋਈ ਹੋਰ ਵੀ ਸਮਾਨ ਵਗੈਰਾ ਮਿਲਿਆ ਜ਼ਮੀਨ ਤੋਂ ਇਲਾਵਾ?

ਉ. ਬਾਗ ਮਿਲਿਆ ਸੀ ਇੱਥੇ ਜਗਰਾਉਂ ਪੱਚੀ ਏਕੜ ਦਾ ਕਿਉਂਕਿ ਬਾਗ ਦੀ ਅਲੈਹਦਾ ਅਲੌਟਮੈਂਟ ਹੁੰਦੀ ਸੀ। ਮਕਾਨ ਦਾ ਕੁਛ ਮਿਲਿਆ ਈ ਹੋਣਾ ਪਤਾ ਨਹੀਂ ਮੈਨੂੰ ਬਹੁਤਾ ਯਾਦ ਨਹੀਂ ਸੀ ਪਰ ਲੁਧਿਆਣੇ ਜਿਹੜਾ ਮਕਾਨ ਸੀ ਉਹ ਸਾਡਾ ਆਪਣਾ ਈ ਮਕਾਨ ਸੀ 500 ਗਜ਼ ਦਾ ਪਲੌਟ ਸੀ। ਠੀਕ ਆ ਉਹ ਪੁਰਾਣੇ ਹਿਸਾਬ ਦਾ ਈ ਬਣਿਆ ਹੋਇਆ ਸੀ ਕਮਰੇ ਨਾਲ ਕਮਰਾ ਸੀ।

ਪ੍ਰ. ਇੱਧਰ ਆ ਕੇ ਤੁਹਾਡੇ ਪਰਿਵਾਰ ਨੂੰ ਜ਼ਾਇਦਾਦ ਵਾਪਸ ਲੈਣ ਵਾਸਤੇ ਕਿੰਨੀਆਂ ਕੁ ਮੁਸ਼ਕਿਲਾਂ ਆਈਆਂ?

ਉ. ਮੇਰਾ ਖਿਆਲ ਸੌਖੀ ਮਿਲ ਗਈ ਹੋਣੀ ਏ ਕਿਉਂ ਕਿ ਬਾਪੂ ਜੀ ਆਪ ਵਕੀਲ ਸੀ ਕੋਈ ਬਹੁਤਾ ਨਹੀਂ ਕਰਨਾ ਪਿਆ ਬਾਕੀ ਬੀਅੰਗ ਹਿਮਸੈਲਫ ਏ ਲੌਇਰ ਉਨ੍ਹਾ ਨੂੰ ਪਤਾ ਸੀ ਕਿਉਂਕਿ ਰੀਹੈਬ੍ਰੀਟੇਸ਼ਨ ਦਾ ਡਿਪਾਰਟਮੈਂਟ ਸੈਪਰੇਟ ਸੀ।

ਪ੍ਰ. ਤੁਹਾਡੇ ਕੋਈ ਬਚਪਨ ਦੇ ਸਾਥੀ ਜਿਹੜੇ ਉੱਧਰ ਰਹਿ ਗਏ ਉਨ੍ਹਾ ਨੂੰ ਕਦੇ ਮਿਲਣ ਗਏ।

ਉ. ਉੱਧਰ ਮੈਨੂੰ ਯਾਦ ਈ ਨਹੀਂ ਐ। ਬਾਕੀ ਅਸੀਂ ਇਕ ਵਾਰੀ ਜਦੋਂ ਮੈਡੀਕਲ ਕੌਲੇਜ 'ਚ ਸੀ ਉਦੋਂ ਉੱਧਰ ਲਾਇਲਪੁਰ ਕਾਲਜ ਗਏ ਸੀ ਵਿਜ਼ਟ ਕਰਨ, ਬਾਕੀ ਮੈਨੂੰ ਕੋਈ ਖ਼ਾਸ ਯਾਦ ਨਹੀਂ ਸੀ।

ਪ੍ਰ. ਤੁਸੀਂ ਕਦੀ ਆਪਣੇ ਵਾਲੇ ਉੱਧਰ ਘਰ ਗਏ ਹੋ।

ਉ. ਨਹੀਂ।

ਪ੍ਰ. ਤਹਾਨੂੰ ਕੋਈ ਅਜੇ ਵੀ ਸੰਗੀ-ਸਾਥੀ ਯਾਦ ਆਉਂਦਾ ਉੱਧਰ ਦਾ ਜਿਸ ਨਾਲ ਤੁਹਾਡੀ ਅਟੈਚਮੈਂਟ ਹੋਵੇ।

ਉ. ਦੇਖੋ ਮੁਸਲਮਾਨਾਂ ਦੀਆਂ ਜਿਹੜੀਆਂ ਕੁੜੀਆਂ ਸੀ ਨਾ ਉਨ੍ਹਾ ਨਾਲ ਮੇਰੀ ਦੋਸਤੀ ਨਹੀਂ ਸੀ ਕਿਸੇ ਨਾਲ ਖਾਸ ਤੇ ਜਿਹੜੀਆਂ ਸਰਦਾਰਾਂ ਦੀਆਂ ਕਿਉਂ ਕਿ ਖਾਲਸਾ ਕਾਲਜ ਕਲੌਨੀ 'ਚ ਮੇਨਲੀ ਸਰਦਾਰ ਰਹਿੰਦੇ ਸੀਗੇ ਉਨ੍ਹਾ ਨਾਲ ਜ਼ਿਆਦਾ ਮੇਲ ਜੋਲ ਸੀ। ਉਹ ਤੇ ਫਿਰ ਇੱਥੇ ਆ ਗਏ। ਇੱਕ ਇੱਥੇ ਹੁੰਦੀ ਸੀ ਐਲ.ਐਚ.ਵੀ.ਸੀ. ਬਣ ਗਈ ਸੀ ਮਹਿੰਦਰ, ਉਹ ਮੇਰੇ ਨਾਲ ਉੱਥੇ ਦੋ ਕੁ ਸਾਲ ਅੱਗੇ ਹੁੰਦੀ ਸੀ, ਉਹ ਇਕ ਅੱਧੀ ਵਾਰ ਮਿਲੀ ਮੈਨੂੰ ਤੇ ਹੋਰ ਕਈ

ਕੁੜੀਆਂ ਜਿਹੜੀਆਂ ਮੇਰੇ ਨਾਲ ਸਕੂਲ ਜਾਂਦੀਆਂ ਹੁੰਦੀਆਂ ਸੀ ਉਹ ਮਿਲੀਆਂ ਨੇ ਬਾਕੀ ਕੋਈ ਖਾਸ ਨਹੀਂ।

ਪ੍ਰ. ਤੁਹਾਡਾ ਵਿਆਹ ਕਿੰਨੀ ਉਮਰ ਦੇ ਵਿੱਚ ਹੋਇਆ ਤੇ ਤੁਹਾਡੇ ਪਤੀ ਦਾ ਕੀ ਨਾਮ ਹੈ?

ਉ. ਆਈ ਗੌਟ ਮੈਰਡ ਇਨ 58 ਸੋ ਆਈ ਵਾਜ਼ ਟਵੰਟੀ ਥ੍ਰੀ ਤੇ ਮੇਰੇ ਪਤੀ ਦਾ ਨਾਮ ਡਾ: ਰਛਪਾਲ ਐ।

ਪ੍ਰ. ਤੁਸੀਂ ਵਿਆਹ ਤੋਂ ਬਾਅਦ ਇੱਥੇ ਈ ਰਹੇ ਜਾਂ ਤਹਾਨੂੰ ਥਾਂ ਬਦਲਣੀ ਪਈ ਜਿਵੇਂ ਕਿ ਵਿਦੇਸ਼ ਵਗੈਰਾ।

ਉ. ਜ਼ਿਆਦਾ ਸਮਾਂ ਤੇ ਅੰਮ੍ਰਿਤਸਰ ਵਿੱਚ ਈ ਗੁਜ਼ਰਿਆ ਕਿਉਂਕਿ ਇੱਥੇ ਦੀਓ ਈ ਪੜ੍ਹਾਈ ਕੀਤੀ, ਇਨ੍ਹਾ ਨੇ ਵੀ ਇੱਥੋਂ ਈ ਪੜ੍ਹਾਈ ਕੀਤੀ ਸੀ, ਐਮ.ਡੀ. ਵੀ ਇੱਥੋਂ ਈ ਕੀਤੀ, ਨੌਕਰੀ ਵੀ ਇੱਥੇ ਈ ਕੀਤੀ। ਬਾਕੀ ਬਦਲੀ ਮੇਰੀ ਇਕ ਦੋ ਵਾਰ ਹੋਈ ਪਰ ਇਨ੍ਹਾ ਦੀ ਕੋਈ ਬਲਦੀ ਨਹੀਂ ਹੋਈ, ਤਕਰੀਬਨ ਸਾਰਾ ਸਮਾਂ ਇੱਥੇ ਈ ਗੁਜ਼ਰਿਆ।

ਪ੍ਰ. ਤੁਹਾਡੇ ਕਿੰਨੇ ਬੱਚੇ ਨੇ ਤੇ ਉਨ੍ਹਾ ਦੇ ਕੀ-ਕੀ ਨਾਮ ਹਨ?

ਉ. ਮੇਰਾ ਇਕ ਬੇਟਾ ਹੈ, ਉਹਦਾ ਨਾਮ ਜਸਪਾਲ ਸਿੰਘ ਐ, ਉਹ ਔਰਥੋਪੈਡਿਕਸ ਦਾ ਸਪੈਸ਼ਲਾਈਜ਼ਡ ਐ, ਪਲੱਸ ਸਪੋਰਟਸ ਮੈਡੀਸਨ ਦਾ ਸੁਪਰ ਸਪੈਸ਼ਲਿਟੀ ਐ। ਐਟ ਦਾ ਮੂਮੈਂਟ ਹੀ ਇਜ਼ ਵਰਕਿੰਗ ਫਾਰ ਸੈਕਟਰੀ ਯੂ.ਜੀ.ਸੀ. ਕਮਿਸ਼ਨ। ਪਹਿਲਾਂ ਇੱਥੇ ਸੀਗੇ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ। ਮੇਰੀ ਬੇਟੀ ਡੌਕਟਰ ਐ ਤੇ ਉਨ੍ਹੇ ਪੀਐਚ.ਡੀ ਹਿਊਮੈਨ ਜੈਨੇਟਿਕਸ ਵਿੱਚ ਕੀਤੀ ਐ, ਮਹੀਨਾ ਕੁ ਪਹਿਲਾਂ ਉਹ ਦਿੱਲੀ ਚਲੇ ਗਏ, ਉਸਦਾ ਪਤੀ ਆਈ.ਏ.ਐੱਸ. ਆ ਉਤਰਾਖੰਡ ਤੇ ਇਹ ਜੋਆਇੰਟ ਡਾਇਰੈਕਟਰ ਆਫ ਹੈਲਥ ਸੀ ਉੱਥੇ।

ਪ੍ਰ. ਵੰਡ ਤੋਂ ਲੈ ਕੇ ਹੁਣ ਤੱਕ ਤੁਹਾਡੀ ਜ਼ਿੰਦਗੀ ਦੀਆਂ ਕੋਈ ਖਾਸ ਘਟਨਾਵਾਂ ਤਹਾਨੂੰ ਯਾਦ ਹੋਣ ਜਿਵੇਂ ਕਿ ਨੌਕਰੀ, ਵਿਆਹ ਜਾਂ ਪੜ੍ਹਾਈ ਬਾਰੇ?

ਉ. ਦੇਖੋ ਜੀ ਡਾਕਟਰਾਂ ਦੀ ਲਾਈਫ ਤਾਂ ਵੈਸੇ ਈ ਬੜੀ ਟਫ਼ ਹੁੰਦੀ ਐ, ਸਪੈਸ਼ਲੀ ਜਿਹੜੇ ਕਲੀਨਿਕ 'ਚ ਕੰਮ ਕਰਦੇ ਨੇ, ਦੋ ਤਰ੍ਹਾਂ ਦੇ ਡਾਕਟਰ ਨੇ ਇੱਕ ਤਾਂ ਜਿਹੜੇ ਮੈਡੀਕਲ ਕਾਲਜਾਂ 'ਚ ਪੜ੍ਹਾਉਂਦੇ ਨੇ, ਉਹ ਤਾਂ ਹੈਗੇ ਨੇ ਸੌਖੇ, ਉਹ ਤਾਂ ਜਿਵੇਂ ਟੀਚਰਜ਼ ਹੁੰਦੇ ਨੇ ਗਏ ਸਵੇਰੇ ਕੰਮ ਕੀਤਾ ਸ਼ਾਮ ਨੂੰ ਵਾਪਸ ਘਰ ਆ ਗਏ ਨਾ ਕੋਈ ਐਮਰਜੈਂਸੀ ਨਾ ਹੋਰ। ਸਾਡੇ ਜਿਹੜੀ ਸਪੈਸ਼ਲੀ ਬ੍ਰਾਂਚ ਵਿੱਚ ਆਈ ਵਾਜ਼ ਗਾਈਨੀਔਕਸ, ਇਹਦੇ 'ਚ ਤਾਂ ਹੋਰ ਵੀ ਜ਼ਿਆਦਾ ਟਫ਼ ਹੁੰਦਾ ਏ ਕੰਮ ਤੇ ਜੂਨੀਅਰ ਈਅਰ 'ਚ ਜ਼ਿਆਦਾ ਹੁੰਦਾ, ਸੀਨੀਅਰ ਈਅਰ ਵਿੱਚ ਥੋੜਾ ਸੌਖਾ ਹੋ ਜਾਂਦਾ ਕੰਮ ਕਿਉਂਕਿ ਫਿਰ ਤੁਹਾਡੇ ਥੱਲੇ ਵਾਲਾ ਸਟਾਫ ਕੰਮ ਕਰਦਾ। ਬਾਕੀ ਇਹ ਵੀ ਆ ਕਿ ਪ੍ਰਕੈਟਿਸ ਅਲਾਊਡ ਸੀ ਅਨੀਸ਼ੀਅਲ ਈਅਰ 'ਚ, ਹਰ ਬੰਦੇ ਨੂੰ ਹੁੰਦਾ ਕਿ ਮੇਰਾ ਨਾਮ ਹੋਵੇ, ਤੇ ਅਨਲੈੱਸ ਯੂ ਵਰਕ ਹਾਰਡ ਐਂਡ ਡੂ ਗੁੱਡ, ਉਨਾਂ ਚਿਰ ਨਾਮ ਨਹੀਂ ਪੈਦਾ ਹੁੰਦਾ। ਸੋ ਇਨ ਦੈਟ ਸੈਂਸ ਬੜਾ ਹਾਰਡ ਵਰਕ ਕੀਤਾ ਤੇ ਬਹੁਤ ਇੱਜ਼ਤ ਨਾਮ ਮਿਲਿਆ, ਜਿੰਨੀ ਦੇਰ ਵੀ ਨੌਕਰੀ ਕੀਤੀ ਆ ਇਨ੍ਹਾ ਨੂੰ ਵੀ ਤੇ ਮੈਨੂੰ ਵੀ ਬਹੁਤ ਜ਼ਿਆਦਾ ਮਤਲਬ ਐਜ਼ ਕਨੀਸ਼ਨ ਇਨ੍ਹਾ ਦਾ ਵੀ ਨਾ ਤੇ ਮੇਰਾ ਵੀ ਨਾਮ ਮਤਲਬ ਕਿ

ਬੜ੍ਹਾ ਅੱਛੀ ਤਰ੍ਹਾਂ ਲਿਆ ਜਾਂਦਾ ਸੀ। ਪਰ ਮਿਹਨਤ ਵੀ ਬਹੁਤ ਜ਼ਿਆਦਾ ਕੀਤੀ ਤੇ ਬੜ੍ਹੀ ਟਫ਼ ਜ਼ਿੰਦਗੀ ਸੀ ਸਾਡੀ।

ਪ੍ਰ. ਤੁਸੀਂ ਅੱਜ ਕੱਲ ਆਪਣਾ ਸਮਾਂ ਕਿਵੇਂ ਬਤੀਤ ਕਰ ਰਹੇ ਹੋ?

ਉ. ਅੱਜ ਕੱਲ੍ਹ ਤਾਂ ਬਹੁਤ ਅੱਛਾ ਸਮਾਂ ਲੰਘ ਰਿਹਾ। ਇਨ ਦਾ ਸੈਂਸ ਇਕ ਤਾਂ ਮੇਰੇ ਪਤੀ ਬਿਮਾਰ ਨੇ ਉਨ੍ਹਾ ਦੀ ਸਿਹਤ ਨੂੰ ਦੇਖਣ ਲਈ ਮੈਂ ਜ਼ਿਆਦਾਤਰ ਘਰੇ ਰਹਿੰਦੀ ਆਂ, ਕੋਈ ਜ਼ਿਆਦਾ ਖਾਸ ਕੰਮ ਹੋਵੇ ਤਾਂ ਬਾਹਰ ਜਾਂਦੀ ਆਂ ਬਟ ਅਦਰ ਵਾਈਜ਼ ਆਈ ਡੌਂਟ ਗੋ ਆਊਟ। ਸੈਕੰਡਲੀ ਮੇਰਾ ਰੂਟੀਨ ਬੜਾ ਬਿਜ਼ੀ ਹੈ, ਆਪ ਤਾਂ ਮੈ ਘਰ ਦਾ ਕੰਮ ਮਤਲਬ ਕਿਚਨ ਦਾ ਕੰਮ ਨਹੀਂ ਕਰ ਪਾਂਦੀ ਕਿਉਂ ਕਿ ਮੇਰੀ ਬੈਕ ਬੋਨ ਦੀ ਬੜੀ ਪਰੌਬਲਮ ਆ ਤੇ ਇਹ ਅੱਠ-ਦਸ ਸਾਲਾਂ ਤੋਂ ਚੱਲ ਰਹੀ ਐ। ਆਈ ਕਾਂਟ ਮੈਨੇਜ ਕਿਉਂ ਕਿ ਬਹੁਤਾ ਦੇਰ ਖੜ੍ਹੇ ਹੋਣਾ ਔਖਾ ਹੈ। ਬਾਕੀ ਸਵੇਰੇ ਮੈਂ ਘੰਟਾ ਕੁ ਰਸੋਈ 'ਚ ਸੁਪਰਵਾਈਜ਼ ਕਰਦੀ ਆਂ ਆਪਣੀ ਮੇਡ ਨੂੰ ਕਰ-ਕਰਾ ਕੇ ਸ਼ੀ ਓਨਲੀ ਡੱਜ਼ ਕੁਕਿੰਗ-ਸ਼ੁਕਿੰਗ ਓਹੀ ਕਰਦੀ ਐ, ਮੈਂ ਨਹੀਂ ਕੁਛ ਕਰਦੀ। ਬਾਕੀ ਨੌਂਕਰ ਵੀ ਰੱਖੇ ਹੋਏ ਨੇ ਆਪਣੀ ਸਹੂਲਤ ਵਾਸਤੇ ਕਿਉਂਕਿ ਲੋੜ ਪੈਂਦੀ ਐ, ਬਾਕੀ ਘੰਟਾ ਕੁ ਮੇਰਾ ਜੀ ਕਰੇ ਤਾਂ ਮੈਂ ਆਪਣੇ ਪਿਤਾ ਜੀ ਦੀ ਟਰਾਂਸਲੇਸ਼ਨ ਦੀਆਂ ਜਿਹੜੀਆਂ ਅੱਠ ਕਾਪੀਆਂ ਨੇ, ਮੈਂ ਉਹਦੇ ਤੋਂ ਪਾਠ ਸ਼ੁਰੂ ਕੀਤਾ ਹੁੰਦੈ ਤੇ ਉਸ ਪਾਠ ਨੂੰ ਮੈਨੂੰ ਮੁਕੰਮਲ ਕਰਦਿਆਂ ਕੋਈ ਡੇਢ ਕੁ ਸਾਲ ਲੱਗ ਜਾਂਦੈ, ਮੈਂ ਉਹ ਅਰਥਾਂ ਸਹਿਤ ਘੰਟਾ ਕੁ ਪਾਠ ਕਰਦੀ ਆਂ ਤੇ ਉਹ ਸਵੇਰ ਦੇ ਟਾਈਮ ਤੇ ਮੋਸਟਲੀ ਗਿਆਰਾਂ ਕੁ ਵਜੇ ਮੈਂ ਤਿਆਰ ਹੋ ਕੇ ਪਾਠ ਕਰ ਲੈਂਦੀ ਆਂ। ਅਖਬਾਰਾ ਹੁੰਦੀਆਂ ਉਹ ਵੀ ਪੜ੍ਹ ਲੈਂਦੀ ਆਂ, ਮੈਗਜ਼ੀਨਸ ਵੀ ਆਉਂਦੇ ਆ, ਉਹ ਵੀ ਪੜ੍ਹ ਲੈਂਦੀ ਆਂ। ਸ਼ਾਮ ਨੂੰ ਅਸੀਂ ਸੈਰ ਤੇ ਮੈਂ ਆਪ ਵੀ ਜਾਣਾ ਹੁੰਦੈ ਕਿਉਂਕਿ ਮੇਰੀ ਏਂਜ਼ਿਉਪਲਾਸਟੀ ਹੋਈ ਐ, ਉਹਦੇ ਕਰਕੇ ਮੈਨੂੰ ਵੀ ਸੈਰ ਜ਼ਰੂਰੀ ਹੁੰਦੀ ਐ ਨਾਲ ਮੈਂ ਉਨ੍ਹਾ ਨੂੰ (ਪਤੀ) ਵੀ ਲੈ ਕੇ ਜਾਣਾ ਹੁੰਦੈ, ਸੋ ਘੰਟਾ ਡੇਢ ਘੰਟਾ ਅਸੀਂ ਸ਼ਾਮ ਨੂੰ ਪੰਜ ਕੁ ਵਜੇ ਚਲੇ ਜਾਂਦੇ ਆਂ, ਛੇ ਸਾਢੇ ਛੇ ਵਜੇ ਵਾਪਸ ਆ ਜਾਂਦੇ ਆਂ, ਆ ਕੇ ਥੋੜ੍ਹਾ ਬਹੁਤਾ ਟੀ.ਵੀ. ਦੇਖ ਲਈਦਾ ਆਪਣੇ ਆਪ ਨੂੰ ਰੀਲੈਕਸ ਕਰਨ ਵਾਸਤੇ ਨਾ ਹੀ ਮੈਂ ਇਹਦੇ ਵਿੱਚ ਬਹੁਤ ਜ਼ਿਆਦਾ ਇੰਟਰਸਟਡ ਆਂ। ਬਾਕੀ ਸਵੇਰ ਦਾ ਕੀਰਤਨ ਮੈਨੂੰ ਬੜਾ ਇੰਟਰਸਟਡ ਲੱਗਦਾ ਮੇਰੀ ਖਾਹਸ਼ ਹੈ ਕਿ ਜੇ ਕਿਸੇ ਨੇ ਪੁੱਛਿਆ ਕਿ ਤੁਸੀਂ ਅਗਲੇ ਜਨਮ 'ਚ ਕੀ ਬਣਨਾ ਚਾਹੁੰਦੇ ਓ, ਤਾਂ ਮੇਰਾ ਜੁਆਬ ਹੋਵੇਗਾ ਕਿ ਅਗਲੇ ਜਨਮ 'ਚ ਮੈਂ ਚਾਹੁੰਦੀ ਆਂ ਕਿ ਮੇਰੀ ਏਨੀ ਸੋਹਣੀ ਅਵਾਜ਼ ਹੋਵੇ, ਜਿਵੇਂ ਤੁਸੀਂ ਪੁੱਛਿਆ ਸੀ ਨਾ ਕਿ ਸੰਗੀਤ, ਭਾਵੇਂ ਕਿ ਮੈਂਨੂੰ ਜ਼ਰਾ ਵੀ ਸੰਗੀਤ ਨਹੀਂ ਆਉਂਦਾ ਪਰ ਆਈ ਲਵ ਸੰਗੀਤ, ਮੈਂ ਕਿਹਾ ਮੈਂ ਕੀਰਤਨੀਆਂ ਬਣਨਾ ਚਾਹੁੰਦੀ ਆਂ ਤੇ ਮੇਰੀ ਏਨੀ ਆਵਾਜ਼ ਅੱਛੀ ਹੋਵੇ, ਜਿਵੇਂ ਕਈ ਰਾਗੀ ਜਥਿਆਂ ਦੀ ਆਵਾਜ਼ ਏ ਨਾ ਕਿ ਤੁਸੀਂ ਵਾਕਿਆ ਈ ਉਹਦੇ ਵਿੱਚੇ ਈ... ਕੰਨਾ ਨੂੰ ਸੂਟ ਕਰਦੀ ਭਾਵੇਂ ਤਹਾਨੂੰ ਬਾਣੀ ਨਾ ਆਉਂਦੀ ਹੋਵੇ। ਇਸ ਲਈ ਮੈਂ ਕਿਹਾ ਕਿ ਰੱਬ ਮੈਨੂੰ ਘਰ ਵੀ ਦੇਵੇ ਫ੍ਰੀ, ਸਭ ਕੁਛ ਦੇਵੇ ਤੇ ਮੈਨੂੰ ਕਿਸੇ ਗੱਲ ਦੀ ਵੀ ਲੋੜ ਨਾ ਹੋਵੇ ਤੇ ਮੈਨੂੰ ਸਾਰੀਆਂ ਫੈਸਿਲਟੀਜ਼ ਉਹ ਪ੍ਰੋਵਾਈਡ ਕਰੇ ਤੇ ਮੈਨੂੰ ਕੀਰਤਨੀਆ ਬਣਾਵੇ ਇਹ ਮੇਰੀ ਖਾਹਸ਼ ਐ।

ਪ੍ਰ. ਇਹ ਪਾਕਿਸਤਾਨ ਤੇ ਹਿੰਦੋਸਤਾਨ ਦੀ ਜਿਹੜੀ ਵੰਡ ਹੋਈ ਤਹਾਨੂੰ ਲੱਗਦਾ ਕਿ ਇਸਨੂੰ ਕਿਸੇ ਹੋਰ ਤਰੀਕੇ ਨਾਲ ਵੀ ਨਜਿੱਠਿਆ ਜਾ ਸਕਦਾ ਸੀ ।

ਉ. ਇਹ ਤਾਂ ਪਹਿਲੀ ਘਟਨਾ ਏ ਕਦੇ ਇੰਜ ਹੋਇਆ ਕਿ ਰੈਆਂ (ਪਰਜਾ) ਬਦਲ ਜਾਣ, ਗੌਰਮੈਂਟਾਂ ਤਾਂ ਬਦਲਦੀਆਂ ਈ ਰਹਿੰਦੀਆਂ ਨੇ। ਤੁਸੀਂ ਆਲ ਓਵਰ ਦਾ ਗਲੋਬ ਦੇਖ ਲਓ ਕਦੀ ਇੰਜ ਥੋੜੀ ਹੁੰਦੈ। ਇਹ ਤੇ ਪਤਾ ਨਹੀਂ ਕੀ ਸੋਚਿਆ ਇਸ ਤਰ੍ਹਾਂ ਕਿਉਂ ਹੋਇਆ ਮਤਲਬ ਕਿ ਜ਼ਹਿਰ ਫੈਲਾਇਆ ਗਿਆ ਕਿ ਬਈ ਲੋਕੀ ਅਸਲ 'ਚ ਤਾਂ ਮਾਸ ਮਨਟੈਲਿਟੀ ਏ ਨਾ ਜਿਹੜੀ ਇਹਨੂੰ ਅੰਜਾਮ ਦਿੰਦੀ ਐ, ਸ਼ੁਰੂ ਤਾਂ ਲੀਡਰਸ ਕਰਦੇ ਨੇ ਪਰ ਅੰਜਾਮ ਤਾਂ ਉਹਨੂੰ ਮਾਸਜ਼ ਈ ਦਿੰਦੇ ਨਾ ਕਿਸੇ ਵੀ ਮੂਵਮੈਂਟ ਨੂੰ। ਖੌਰੇ ਕੀ ਇਸ ਲਹਿਰ 'ਚ ਭਰਿਆ ਇਕ ਦਮ ਈ ਲੋਕ ਘਰਾਂ ਚੋਂ ਉੱਜੜ ਗਏ, ਨਹੀਂ ਤੇ ਯੂ ਅਵਾਇਡ ਬਾਏ ਦਾ ਰੂਲਜ਼ ਆਫ ਦਾ ਗੌਰਮੈਂਟ ਵੱਟ ਇਜ਼ ਦਿਅਰ, ਦੈਟ ਵੂਈ ਕਾਂਟ ਸਟੇਅਡ ਟੂਗੈਦਰ, ਹੁਣ ਵੀ ਜਿੰਨੇ ਕੁ ਹਿੰਦੂ ਸਿੱਖ ਉੱਥੇ ਰਹਿ ਗਏ ਨੇ ਉਨ੍ਹਾ ਦੀ ਕੀ ਹਾਲਤ ਬਣ ਰਹੀ ਐ, ਜੋ ਪੜ੍ਹਦੇ ਆਂ ਅਖਬਾਰਾਂ 'ਚ, ਅਫ਼ਗਾਨਿਸਤਾਨ 'ਚ ਦੇਖੋ ਕਿੰਨੇ ਸਿੱਖ ਸੀਗੇ ਉਹ ਕਿੱਦਾ। ਅੱਛਾ ਉਦੋਂ ਬਚਪਨ 'ਚ ਤਾਂ ਕਦੇ ਏਦਾਂ ਨਹੀਂ ਸੀ ਸੁਣਿਆ ਕਿ ਮੁਸਲਮਾਨ ਏਦਾਂ ਦੇ ਹੁੰਦੇ ਆਂ, ਹੁਣ ਤਾਂ ਏਦਾਂ ਲੱਗਦੈ ਕਿ ਜਿਵੇਂ ਇਹ ਲੋਕ ਨਾ ਮਤਲਬ ਕਿ ਇਨ੍ਹਾ ਦਾ ਕੋਈ ਅਜੀਬ ਈ ਧਰਮ ਐ। ਧਰਮ ਤਾਂ ਸ਼ਾਇਦ ਸਾਡੇ ਦੀਆਂ ਵੀ ਵੈਲੀਊਜ਼ ਬਦਲ ਗਈਆਂ ਨੇ ਸੋਚਿਆ ਜਾਵੇ ਤਾਂ ਵੂਈ ਨੈਵਰ ਹੈਡ ਦੀਜ਼ ਵੈਲੀਊਜ਼ ਵਿੱਚ ਵੂਈ ਅਲਾਈਵ ਨਾਓ। ਹੁਣ ਕੱਲ੍ਹ ਈ ਕੋਈ ਗੱਲ ਘਰ 'ਚ ਹੋ ਰਹੀ ਸੀਗੀ, ਤੁਸੀਂ ਪੜ੍ਹਿਆ ਹੋਣਾ ਕਿ ਸਾਰੀਆਂ ਸਰਵਸਿਜ਼ ਡਿਜੀਟਲ ਕਰਨ ਲੱਗੇ ਨੇ? ਮੇਰਾ ਭਤੀਜਾ ਸਾਡੇ ਨਾਲ ਰਹਿੰਦਾ, ਉਹ ਮੈਨੂੰ ਕਹਿੰਦਾ ਕਿ ਜਦੋਂ ਡਿਜੀਟਲ ਹੋ ਗਿਆ ਤਾਂ ਜਿਸ ਨੂੰ ਕੰਪਿਊਟਰ ਤੇ ਜਾਂ ਡਿਜ਼ੀਟਲ ਕੰਮ ਨਹੀਂ ਕਰਨਾ ਆਉਂਦਾ ਉਹ ਕੀ ਕਰੇਗਾ? ਤਾਂ ਮੈਂ ਕਿਹਾ ਕਿ ਬਾਕੀ ਸਰਵਸਿਜ਼ ਥੋੜੀ ਨਾ ਬੰਦ ਕਰ ਦੇਣਗੇ, ਚਾਲੂ ਰੱਖਣਗੇ। ਮੈ ਕਿਹਾ ਜਿਹੜੇ ਆਮ ਲੋਕ ਨੇ ਜਿੰਨਾਂ ਨੂੰ ਆਨਲਾਈਨ ਦਾ ਪਤਾ ਈ ਨਹੀਂਗਾ ਉਨ੍ਹਾ ਵੀ ਕਿਸੇ ਤਰ੍ਹਾ ਬਿੱਲ ਜਮਾਂ ਕਰਵਾਉਣੇ ਈ ਆ। ਤੇ ਕਹਿੰਦਾ ਕਿ ਫਿਰ ਜਿਹੜੇ ਸਾਡੇ ਵਰਗੇ ਜਿੰਨ੍ਹਾਂ ਨੂੰ ਨਹੀਂ ਆਉਂਦਾ ਆਨਲਾਈਨ, ਉਨ੍ਹਾ ਨੂੰ ਵੀ ਲਾਈਨ 'ਚ ਈ ਖੜ੍ਹਾ ਹੋਣਾ ਪਵੇਗਾ, ਦਿਸ ਵਾਜ਼ ਰੀਸੈਂਟ। ਫਿਰ ਮੈਂ ਕਿਹਾ, ਬੇਟਾ ਸਾਡਾ ਧਰਮ ਤਾਂ ਗੁਰੂ ਜੀ ਇੱਥੋਂ ਈ ਸ਼ੁਰੂ ਕਰ ਕੇ ਗਏ ਗਏ ਸੀਗੇ ਕਿ ਇੱਕੋ ਪੰਗਤ 'ਚ ਬੈਠੋ ਤੇ ਸੰਗਤ ਵੀ ਉੱਥੇ ਸਾਰੀ ਇੱਕੋ ਲੈਵਲ ਤੇ ਬੈਠੇ ਤੇ ਖਾਉ ਵੀ ਉਹੀ ਜੋ ਉਹ ਖਾ ਰਿਹਾ ਨਾਲ ਵਾਲਾ ਉਹੀ ਤੁਸੀਂ ਖਾਣਾ। ਮੈਂ ਕਿਹਾ ਉਹੀ ਗੱਲਾਂ ਮੁੜ ਕੇ ਅਸੀਂ ਆਪਣੇ 'ਚ ਲੈ ਆਈਏ ਤੇ ਫਿਰ ਅਸੀਂ ਉਸ ਲਾਈਨ 'ਚ ਖੜ੍ਹੇ ਹੋਵਾਂਗੇ, ਜਿੱਥੇ ਉਹ ਖੜ੍ਹੇ ਹੋਣਗੇ। ਸੋ ਸਾਡੇ 'ਚ ਵੀ ਮਤਲਬ ਉਹ ਵੈਲੀਊਜ਼ ਨਹੀਂ ਰਹੀਆਂ ਜਿਸ ਵੈਲੀਊਜ਼ ਤੇ ਸਾਡਾ ਧਰਮ ਸ਼ੁਰੂ ਹੁੰਦਾ ਸੀ। ਵੰਡੀਆਂ ਤਾਂ ਅਸੀਂ ਵੀ ਬਹੁਤ ਪਾਈਆਂ, ਤੇ ਦੂਜੇ ਆਹ ਜਿਹੜੇ ਡੇਰੇ-ਡੂਰੇ ਇਨ੍ਹਾ ਤੋਂ ਮੈਨੂੰ ਬਹੁਤ ਨਫਰਤ ਐ, ਇਟਸ ਟਰੂਅਲੀ ਵੈਅਰੀ ਔਨੈਸਟ। ਔਰ ਪੌਲੀਟੀਸ਼ਨਜ਼ ਨੇ ਏਨਾਂ ਕੁ ਗੰਦ ਪਾਇਆ ਹੋਇਐ, ਕਿਸੇ ਪਾਰਟੀ ਦਾ ਲੈ ਲਉ, ਹੁਣ ਆ ਕਹਿੰਦੇ ਕਿ ਬੀ.ਜੇ.ਪੀ. ਚੰਗੀ ਹੋ ਗਈ ਕੋਈ ਪਤਾ ਨਹੀਂ ਸਮਾਂ ਪਾ ਕੇ ਇਹ ਵੀ ਚੰਗੀ

ਨਿਕਲਣੀ ਕਿ ਨਹੀਂ।

ਪ੍ਰ. ਤੁਸੀਂ ਅੱਜ ਵੀ ਜਦੋਂ ਕਿਤੇ ਵੰਡ ਬਾਰੇ ਸੋਚਦੇ ਹੋਵੋਗੇ ਤਾਂ ਕੋਈ ਇਹੋ ਜਿਹਾ ਦ੍ਰਿਸ਼ ਹੈ ਜਿਹੜਾ ਤਹਾਨੂੰ ਨਹੀਂ ਭੁੱਲਦਾ।

ਉ. ਮੈਂ ਇਹ ਸੋਚਦੀ ਆਂ ਕਿ ਇਹ ਜਿਹੜਾ ਅਨਫਾਰਚੂਨੇਟਲੀ ਇਨਸੀਡੈਂਟ ਸੀ, ਇਨ੍ਹੇ ਲੋਕਾਂ ਨੂੰ ਏਨਾਂ ਕੁ ਜੜ੍ਹੋਂ ਉਖਾੜਿਆ ਕਿ ਪੂਰੀ ਸਾਡੀ ਇਕ ਜਨਰੇਸ਼ਨ ਵੱਧ ਲੱਗ ਗਈ ਟੂ ਹੈਵ ਸਮ ਰੂਟਸ ਨਹੀਂ ਤੇ ਜਿਸ ਹਿਸਾਬ ਨਾਲ ਅਸੀਂ ਉੱਥੇ ਬੈਠੇ ਸੀਗੇ, ਕਿਤੇ ਦੇ ਕਿਤੇ ਹੁੰਦੇ। ਉੱਥੇ ਸਾਡਾ ਘਰ ਅਸਟੈਬਲਿਸ਼ਡ ਸੀ, ਸਾਡਾ ਪ੍ਰੋਫੈਸ਼ਨ ਅਸਟੈਬਲਿਸ਼ਡ ਸੀ, ਅਸੀ ਤੇ ਇਹ ਐ ਕਿ ਜਿਵੇਂ ਇਕ ਬੂਟਾ ਉਖਾੜ ਕੇ ਸਿੱਟ ਦਿੱਤਾ ਜਾਂਦਾ ਤੇ ਫਿਰ ਉਹ ਵਿਚਾਰਾ ਰੁਲਦਾ-ਖੁਲਦਾ ਆਪਣੀ ਮਾੜੀ-ਮੋਟੀ ਜੜ੍ਹ ਥੱਲੇ ਲਾਉਂਦਾ ਕਿ ਮੈਨੂੰ ਕੋਈ ਸਸਟੇਨਸ ਮਿਲ ਜਾਏ ਤੇ ਮੈਂ ਕੋਈ ਜਿੰਦਾ ਰਹਾਂ, ਮਰਾਂ ਨਾ, ਇਹ ਹਿਸਾਬ ਸੀ। ਮਤਲਬ ਇਟ ਵਾਜ਼ ਅਫੇਲਟਡ ਅੱਸ ਵੈਰੀ ਟਰੋਮੈਟੀਕਲੀ।

ਪ੍ਰ. ਸਰਦਾਰ ਮਨਮੋਹਨ ਸਿੰਘ ਜੀ ਦਾ ਕਿੰਨ੍ਹਾ ਨਾਲ ਜਿਆਦਾ ਮੇਲ-ਮਿਲਾਪ ਸੀ?

ਉ. ਬਾਵਾ ਹਰਕ੍ਰਿਸ਼ਨ ਸਿੰਘ ਜੀ ਦੀ ਬਹੁਤ ਰਪੀਟਲੀ ਗੱਲ ਕਰਦੇ ਹੁੰਦੇ ਸੀ ਇਕ ਸਰਦਾਰ ਕਪੂਰ ਸਿੰਘ ਸੀਗੇ ਆਈ.ਸੀ.ਐੱਸ. ਜਿਹੜੇ ਸੀ ਉਨ੍ਹਾ ਦੀ ਬਹੁਤ ਗੱਲ ਕਰਦੇ ਹੁੰਦੇ ਸੀਗੇ ਉਨ੍ਹਾ ਨਾਲ ਬਹੁਤ ਮੇਲ-ਜੋਲ ਵੀ ਰਿਹਾ ਇਨ੍ਹਾ ਦਾ ਜਦੋਂ ਚੰਡੀਗੜ੍ਹ ਸੈਟਲਡ ਸੀਗੇ ਉਦੋਂ ਮਿਲਦੇ-ਗਿਲਦੇ ਵੀ ਰਹੇ।

ਪ੍ਰ. ਸਰਦਾਰ ਮਨਮੋਹਨ ਸਿੰਘ ਜੀ ਦੇ ਵਿਅਕਤੀਤਵ ਦੀਆਂ ਵਿਲੱਖਣਤਾਵਾਂ ਬਾਰੇ ਕੁਝ ਦੱਸੋ।

ਉ. ਇਕ ਤਾਂ ਇਹ ਐ ਕਿ ਉਹ ਇਰਾਦੇ ਦੇ ਬੜ੍ਹੇ ਪੱਕੇ ਸੀ ਜਿਹੜ੍ਹੇ ਕੰਮ ਨੂੰ ਮਤਲਬ ਜਿਵੇਂ ਹੁਣ ਵਕਾਲਤ ਕੀਤੀ ਆ ਨਾ ਤੇ ਉਸ 'ਚ' ਪੂਰਾ ਆਪਣਾ ਜੋਰ ਲਗਾ ਕੇ ਕੀਤੀ, ਜੇ ਪੈਸਾ ਕਮਾਉਣਾ ਸੀ ਤੇ ਦੱਬ ਕੇ ਕਮਾਇਆ ਓਹਦੇ 'ਚ' ਸ਼ਾਇਦ ਫਿਰ ਘੱਟ-ਵੱਧ ਮੀਨਜ਼ ਵੀ ਵਰਤੇ ਹੋਣੇ ਆਂ, ਜਿਵੇਂ ਕਿ ਮੈਂ ਤਹਾਨੂੰ ਦੱਸਿਆਂ ਸੀ ਕਿ ਸਾਡੇ ਘਰ ਪਾਰਟੀਆਂ ਹੁੰਦੀਆਂ ਤਾਂ ਗਿਫਟ ਦਿੱਤੇ ਜਾਂਦੇ ਸਨ, ਦੈਟ ਮਸਟ ਬੀ ਇਟਸ ਪ੍ਰੋਫੈਸ਼ਨ ਪ੍ਰਮੋਸ਼ਨ ਮਤਲਬ ਜਿਹੜੇ ਕੰਮ ਨੂੰ ਫੜ੍ਹਦੇ ਸੀ ਫਿਰ ਉਹਦੇ ਤੋਂ ਥਿੜਕਦੇ ਨਹੀਂ ਸੀ। ਜਿਵੇਂ ਜਿਸ ਹਾਲਾਤ ਵਿੱਚ ਉਨ੍ਹਾ ਨੇ ਸ਼ੁਰੂ ਵਿੱਚ ਕੀਤਾ ਟੀਕਾ ਉਸ ਵੇਲੇ ਘਰ ਦੇ ਹਲਾਤ ਬਹੁਤ ਮਾੜੇ ਸੀਗੇ, ਚਾਰੋ ਬੱਚੇ ਪੜ੍ਹਣ ਵਾਲੇ ਪੈਸਾ ਘਰ 'ਚ ਹੈ ਨਹੀਂ, ਤੇਲੀਆਂ ਦੇ ਮਕਾਨ 'ਚ ਰਹਿੰਦੇ ਆਂ, ਆਹ ਸਾਡੀ ਲਿਵਿੰਗ ਸੀਗੀ। ਦੈਨ ਥੌਟ ਕਿ ਨਹੀਂ ਮੈਂ ਆਹ ਕਰਨਾ ਬਸ ਉੱਥੇ ਹੀ ਰਹੇ ਫਿਰ ਉੱਥੋਂ ਨਹੀਂ ਥਿੜ੍ਹਕੇ ਫਿਰ। ਨਹੀਂ ਤਾਂ ਕਈ ਬੰਦੇ ਹੁੰਦੇ ਕੋਈ ਕੰਮ ਸ਼ੁਰੂ ਕਰਕੇ ਥਿੜਕ ਜਾਂਦੇ ਨੇ ਪਰ ਇਹ ਥਿੜਕਦੇ ਨਹੀਂ ਸੀ। ਫਿਰ ਇੰਟੈਲੀਜੈਂਟ ਬਹੁਤ ਸੀਗੇ ਜਿਹੜੇ ਕੰਮ ਨੂੰ ਫੜ੍ਹਨਾ ਉਹਨੂੰ ਪ੍ਰੀਫੈਕਸ਼ਨ ਨਾਲ ਕਰਦੇ ਸੀਗੇ ਜੋ ਕੁਝ ਪੌਸੀਬਲ ਉਹ ਉਹਦੇ ਵਾਸਤੇ ਦੇ ਸਕਦੇ ਨੇ ਚਾਹੇ ਉਹ ਪੈਸਾ ਕਮਾਉਣ ਦਾ ਕੰਮ ਹੋਵੇ ਜਾਂ ਸੇਵਾ ਦਾ ਕੰਮ ਹੋਵੇ, ਉਹਦੇ 'ਚ ਪੂਰਾ ਮਨ-ਤਨ ਲਗਾ ਦਿੰਦੇ ਸੀ, ਧਨ ਵੀ ਲਗਾ ਦੇਣਾ ਮਤਲਬ ਕਿ ਦੋ ਪੋਥੀਆਂ ਤਾਂ ਇਨ੍ਹਾ ਨੇ ਆਪ ਛਪਵਾਈਆਂ ਉਦੋਂ ਕਿਹੜੇ ਸਾਡੇ ਕੋਲ ਪੈਸੇ ਸੀਗੇ ਫਿਰ ਉਹ ਨਹੀਂ ਮੇਨਟੇਨ ਕਰ ਸਕੇ ਤੇ ਫਿਰ ਉਨ੍ਹਾ

ਨੇ ਐਸ.ਜੀ.ਪੀ.ਸੀ ਨੂੰ ਡੂਨੇਟ ਕੀਤਾ ਐ। ਦੋ ਵੌਲੀਅਮਜ਼ ਆਪ ਛਪਵਾਈਆਂ ਪਹਿਲਾਂ ਉਨ੍ਹਾ ਦਾ ਖਿਆਲ ਸੀ ਕਿ ਮੈਂ ਹੀ ਇਨ੍ਹਾ ਨੂੰ ਛਪਵਾ ਕੇ ਨੋ ਪਰੌਫਿਟ ਨੋ ਲੌਸਜ਼ ਬੇਸ ਤੇ ਵੇਚੂੰਗਾ, ਫਿਰ ਉਹ ਨਹੀਂ ਕਰ ਪਾਏ ਤਾਂ ਡੂਨੇਟ ਕੀਤਾ ।

ਪ੍ਰ. ਉਨ੍ਹਾ ਦੀ ਗੁਰਬਾਣੀ ਨਾਲ ਲਗਣ ਕਿਵੇਂ ਲੱਗੀ ।

ਉ. ਮੈਨੂੰ ਲੱਗਦੈ ਕਿ ਜਿਹੜੇ ਬੱਚੇ ਦਾ ਨਾ ਅੱਗਾ ਨਾ ਪਿੱਛਾ ਉਹ ਆਪਣੇ ਆਪ ਤੇ ਈ ਐ, ਉਹ ਫਿਰ ਡਿਫਰੈਂਟ ਤਰੀਕੇ ਅਪਣਾਉਂਦੈ। ਖਾਲਸਾ ਕੌਲੇਜ 'ਚ ਪੜ੍ਹੇ ਉਨ੍ਹਾ ਦਿਨਾਂ 'ਚ ਮਾਹੌਲ ਧਾਰਮਿਕ ਹੁੰਦਾ ਹੋਣੈ, ਉੱਥੋਂ ਹੋਇਆ ਹੋਣੈ ਕਿਉਂਕਿ ਦਰਬਾਰ ਸਾਹਿਬ ਜਾਣਾ-ਆਉਂਣਾ ਵੀ ਲੱਗਾ ਰਹਿੰਦਾ ਸੀ। ਕਿੰਨੇ ਕੁ ਬੰਦੇ ਪੜ੍ਹਣ ਵਾਲੇ ਹੋਣੇ ਐ ਬੜਾ ਛੋਟਾ ਜਿਹਾ ਮਾਹੌਲ ਗੁਰਸਿੱਖੀ ਦਾ ਮਾਹੌਲ ਹੋਣੈ, ਉੱਥੋਂ ਈ ਲੱਗੀ ਹੋਣੀ ਐ ਚੇਟਕ, ਸਟੱਡੀ ਤਾਂ ਉੱਥੋਂ ਈ ਸ਼ੁਰੂ ਹੋਈ।

ਪ੍ਰ. ਜਦੋਂ ਉਹ ਗੁਰਬਾਣੀ ਦਾ ਟੀਕਾ ਕਰਦੇ ਸੀਗੇ ਤਾਂ ਉਸ ਵੇਲੇ ਘਰ ਦਾ ਮਾਹੌਲ ਕਿਹੋ ਜਿਹਾ ਹੁੰਦਾ ਸੀ, ਜਿਵੇਂ ਕਿ ਤੁਸੀਂ ਰੌਲਾ ਪਾਉਣਾ ਤਾਂ ਤਹਾਨੂੰ ਵਰਜਦੇ ਸੀਗੇ ਵਗੈਰਾ?

ਉ. ਨਹੀਂ ਅਸੀਂ ਰੌਲਾ ਨਹੀਂ ਸੀ ਪਾਉਂਦੇ ਪਤਾ ਨਹੀ ਉਨ੍ਹਾ ਦਿਨਾਂ ਦੇ ਬੱਚੇ ਈ ਡਸਿਪਲਨਡ ਸੀਗੇ ਅੱਜ ਵਰਗੇ ਬੱਚੇ ਨਹੀਂ ਸੀ ਪਿਉ ਤੋਂ ਬਹੁਤ ਡਰਦੇ ਸੀ। ਮੈਨੂੰ ਯਾਦ ਐ ਕਿ ਲਾਇਲਪੁਰ ਵਕਾਲਤ ਦੇ ਟਾਈਮ ਤੇ ਜਦੋਂ ਘਰ ਆਉਣਾ ਤਾਂ ਮਾਤਾ ਜੀ ਨੇ ਕਹਿਣਾ ਕਿ ਚੁੱਪ ਕਰੋ ਤੁਹਾਡੇ ਪਾਪਾ ਆ ਗਏ ਨੇ ਮਾਵਾਂ ਕਹਿੰਦੀਆਂ ਹੁੰਦੀਆਂ ਸੀ ਕੋਈ ਨਹੀਂ ਸੀ ਬੱਚਾ ਬੋਲਦਾ ਹੁੰਦਾ।

ਪ੍ਰ. ਡਾ .ਮਨਮੋਹਨ ਸਿੰਘ ਜੀ ਦੀ ਸਖਸ਼ੀਅਤ ਵਿੱਚ ਜਿਹੜੀਆਂ ਵਿਸ਼ੇਸ਼ਤਾਵਾਂ ਸਨ ਤੁਸੀਂ ਉਨ੍ਹਾ ਵਿੱਚੋਂ ਕਿਸ ਤੋਂ ਜ਼ਿਆਦਾ ਸਿੱਖੇ।

ਉ. ਮੈ ਬਹੁਤੀ ਉਨ੍ਹਾ ਵਰਗੀ ਆਂ ਜੀ, ਮੈ ਵੀ ਇਰਾਦੇ ਦੀ ਪੱਕੀ ਆਂ, ਗੁੱਸਾ ਮੈਨੂੰ ਵੀ ਆਉਂਦਾ ਏ ਤੇ ਗੁੱਸਾ ਉਨ੍ਹਾ ਨੂੰ ਵੀ ਬਹੁਤ ਆਉਂਦਾ ਸੀ, ਕੋਈ ਵੀ ਕੰਮ ਸੈਕਿੰਡ ਰੇਟ ਮੈਂ ਵੀ ਬਰਦਾਸ਼ਤ ਨਹੀਂ ਕਰਦੀ ਤੇ ਉਹ ਵੀ ਨਹੀਂ ਸੀ ਕਰਦੇ ਮੈਂ ਆਲਮੋਸਟ ਲਾਈਕ ਹਿਮ। ਮੇਰੇ ਵੀ ਮਤਬਲ ਜਿਹੜੇ ਖ਼ਿਆਲਾਤ ਜਿਹੜੇ ਨੇ ਉਹ ਬੜੇ ਸਟਰੌਂਗ ਨੇ ਜਿਹੜੈ ਕੰਮ ਦੇ ਮਗਰ ਲੱਗਨਾ ਐ ਉਹ ਪੂਰੀ ਤਰਾਂ ਕਰਨੈ, ਪੂਰੀ ਨਿਸ਼ਠਾ ਨਾਲ ਕਰਨੈ, ਪੂਰਾ ਆਪਣਾ ਮਨ-ਤਨ ਸਾਰਾ ਕੁਛ ਉਹਦੇ 'ਚ ਲਗਾ ਦੇਣਾ ।

ਪ੍ਰ. ਜਿਹੜੀਆਂ ਉਨ੍ਹਾ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਨੇ ਜਿਵੇਂ ਡਿਕਸ਼ਨਰੀ ਵਾਲੀ ਸੀ ਇਸ ਤੋਂ ਇਲਾਵਾ ਵੀ ਕੋਈ ਹੋਰ ਹੈਗੀਆਂ ਨੇ?

ਉ. ਨਾ, ਨਾ ਹੋਰ ਨਹੀਂ, ਇਹ ਵੀ ਉਨ੍ਹਾ ਨੂੰ ਮਤਲਬ ਲੋੜ ਸੀ ਇਹ ਨਹੀਂ ਕਿ ਉਹ ਡਿਕਸ਼ਨਰੀ ਬਣਾਉਂਣਾ ਚਾਹੁੰਦੇ ਸੀਗੇ ਕਿਉਂਕਿ ਉਨ੍ਹਾ ਨੂੰ ਮੀਨਿਗ ਜਿਹੜਾ ਇਕ ਵਾਰੀ ਦਿਮਾਗ 'ਚ ਆਉਂਦਾ ਸੀ ਜਾਂ ਇੱਧਰੋਂ-ਓਧਰੋਂ ਦਾਇਰੇ ਨੂੰ ਵੇਖ ਕੇ ਕੱਢਦੇ ਸੀਗੇ ਉਹ ਫਿਰ ਵਰਡ ਰਪੀਟ ਹੁੰਦਾ ਸੀ ਤੇ ਕਈ ਵਾਰੀ ਭੁੱਲ ਜਾਂਦਾ ਸੀ, ਫਿਰ ਸੋ ਹੀ ਸਟਾਰਟਡ ਡੋਇੰਗ ਦਿਸ ਕਿ ਮੈਂ ਉਹਨੂੰ ਵਰਤ ਸਕਾਂ ਜਿਸ ਵਾਸਤੇ ਨਸੈਸਟੀ ਟੂ ਹਿਮ ਹੀ ਡਿਡ ਵਾਂਟ ਟੂ ਮੇਕ ਡਿਕਸ਼ਨਰੀ। ਉਹ ਠੀਕ ਐ ਕਿ ਸਾਨੂੰ ਇਕ ਲਿਖਤ ਮਿਲ ਗਈ ਐ ਤੇ ਅਸੀਂ ਉਹਨੂੰ

ਵਰਤ ਰਹੇ ਆਂ ।

ਪ੍ਰ. ਤੁਸੀਂ ਆਪਣੀ ਜ਼ਿੰਦਗੀ ਦੇ ਤਜਰਬੇ ਤੋਂ ਆਉਂਣ ਵਾਲੀਆਂ ਪੀੜ੍ਹੀਆਂ ਨੂੰ ਕੀ ਸੰਦੇਸ਼ ਦੇਣਾ ਚਾਹੋਗੇ।

ਉ. ਦੇਖੋ ਜੀ ਜੋ ਵੈਲੀਊਜ਼ ਤਾਂ ਤੁਸੀਂ ਕਿਸੇ ਧਰਮ ਨੂੰ ਫੋਲ ਕੇ ਵੇਖ ਲਓ ਵੈਲੂਅਜ਼ ਆਰ ਸੇਮ ਬਿਟਵਿਨਸ, ਸਾਡੇ ਡੇਰੇ ਵਾਲੇ ਟਵਿਸਟ ਕਰੀ ਜਾਂਦੇ ਨੇ, ਉਨ੍ਹਾ ਦੇ ਮੌਲਾਣੇ ਟਵਿਸਟ ਕਰੀ ਜਾਂਦੇ ਨੇ, ਦੂਜਿਆਂ ਦੇ ਆਹ ਜਿਹੜੇ ਆਰ.ਐੱਸ.ਐੱਸ ਵਾਲੇ ਜਾਂ ਪ੍ਰੀਸਟ ਟਵਿਸਟ ਕਰੀ ਜਾਂਦੇ ਨੇ, ਐਂਡ ਦਿਸ ਇਜ਼ ਬੀਅੰਗ ਡਨ ਫੌਰ ਏ ਸੈਲਫਿਸ਼ ਪਰਪਜ਼। ਜਦੋਂ ਗੁਰੂ ਨਾਨਕ ਨੇ ਜਨਮ ਲਿਆ ਉਦੋਂ ਕੀ ਸੀ ਕਿ ਪੰਡਿਤਾਂ ਨੇ ਦੂਜੇ-ਤੀਜਿਆਂ ਨੇ ਐਨੇ ਰੀਚੂਅਲਜ਼ ਬਣਾਏ ਸੀ, ਲੋਕਾਂ ਨੂੰ ਬਿਲਕੁਲ ਆਪਣੀ ਗ੍ਰਿਫਤ ਵਿੱਚ ਲਿਆ ਸੀ, ਇਨ੍ਹਾ ਨੇ ਈ ਬਣਾਏ ਸੀਗੇ। ਓਰਿਜ਼ਨਲ ਹਿੰਦੂ ਧਰਮ ਇਹ ਨਹੀਂ ਕਹਿੰਦਾ ਉਹ ਤਾਂ ਇੱਕੋ ਪਰਮਾਤਮਾ 'ਚ ਈ ਵਿਸ਼ਵਾਸ਼ ਕਰਦੇ ਸਨ ਤੇ ਕੋਈ ਆਹ ਤੇਤੀ ਕ੍ਰੋੜ ਦੇਵਤੇ ਨਹੀਂ ਸੀਗੇ, ਕੋਈ ਆਹ ਨਹੀਂ ਸੀ ਕਿ ਇੱਥੇ ਗੰਢ ਬੰਨ੍ਹ ਲਉ ਤੇ ਇਥੇ ਆਹ ਏਨੀ ਦਕਸ਼ਨਾ ਦਿਉ ਤੇ ਜਾਂ ਆਹ ਕਰੋ, ਆਹ ਕਰੋ ਕੁਛ ਵੀ ਨਹੀਂ ਸੀ, ਇਹ ਤਾਂ ਸਾਰਾ ਕੁਛ ਉਨ੍ਹਾ ਨੇ ਆਪਣੀ ਪ੍ਰਮੋਸ਼ਨ ਵਾਸਤੇ ਬਣਾਇਆ, ਚਾਹੀਦਾ ਤਾਂ ਇਹ ਨਹੀਂ ਐ ਪਰ ਜਿਵੇਂ ਦਾ ਮਾਹੌਲ ਚੱਲਣ ਡਿਆ ਇਸ ਹਿਸਾਬ ਨਾਲ ਲੱਗਦਾ ਆ ਕਿ ਨਹੀਂ ਠੀਕ ਹੋਣਾ, ਮੇਰੇ ਹਿਸਾਬ ਨਾਲ ਤਾਂ ਇਹ ਨਹੀਂ ਠੀਕ ਹੋਣਾ।

BOOK REVIEW

***Haqiqat-i-Sikhan (An Eighteenth Century Persian Source on the Origin and Rise of Sikh Religion)* (Punjabi) by Dr. Balwant Singh Dhillon, Guru Nanak Dev University, Amritsar, 2014, Pages 77, Price: Rs. 175.**

The book *Haqiqat-i-Sikhan* deals briefly with the history of the Origin and Rise of the Sikhs from the time of Guru Nanak to the conquest of Multan by Taimur Shah Abdali, the Afghan king of Kabul. Besides providing Punjabi translation of the Persian text it is a critique of *Haqiqat-i-bina-wa-Uruj-i-Firqa-i-Sikhan* written by an anonymous author. It has survived in two copies which are available in the library of Royal Asiatic Society of Ireland and Great Britain, London. The author of present work, Dr. Balwant Singh Dhillon, Director, Centre on Studies in Sri Guru Granth Sahib, who retired as Professor from department of Guru Nanak Studies of Guru Nanak Dev University, Amritsar, is a well-known scholar of Sikh History and Literature.

Scholars know well that there is a dearth of early and contemporary sources on the origin and development of Sikh religion. No doubt, some contemporary sources are available, but lack of neutrality in them is a foregone conclusion. The above observation of the writer of the foreword is correct to a considerable extent. A number of scholars have studied the available English and Punjabi writings of the eighteenth century to the present century. However many researchers were deprived of the scholarly works in Persian due to linguistic difficulties and therefore many of them could not properly use the various Persian sources in their writings on Sikh history and religion.

Karam Singh historian wrote his account of Banda Singh Bahadur in 1907. He was the pioneer to use Persian sources as an evidence to write his account. Dr. Ganda Singh, the doyen of Sikh historians had made extensive use of Persian sources while doing Sikh history. Besides introducing some contemporary Persian writings he, published his well-researched book, Life of Banda Singh Bahadur in 1935. Dr. Balwant Singh Dhillon has carried forward their work and extended his domain of research to the most extant Persian sources available in the libraries of India, Pakistan and England. Before this book, Dr. Dhillon has edited two books on Banda Singh Bahadur which are *Banda Singh Bahadur: Persian Sources* which includes twenty-one Persian sources and another book, *Ahwal-ul-Khawaqin* which

is a contemporary source on the Sikh struggle against the Mughals and the book under discussion is third in this series. The present attempt on the part of Dr. Dhillon is commendable and will surely go a long way in satisfying the urge of Persian and non-Persian knowing readers. It is hoped that the book will help in solving a number of controversies concerning the eighteenth century Sikh history and religion.

A majority of the Persian works dealing with Sikh history are in manuscript form and are not within the easy reach of researchers. Although some of them have been translated, even then they do contain some factual errors, thus leading to further controversies on several important issues. The author of the book under review has made a praise-worthy attempt to re-interpret this Persian work with a view to use its evidence in an analytical manner.

In the Preface, the author has given summary of his findings and says that it is not an easy task to retrieve the original Persian text as it is an expansive and sometimes futile exercise for a researcher. Dr. Dhillon marks out that as its name suggests the work *Haqiqat-i- bina-wa-Uruj-i-Firqa-i-Sikhan* deals with the origin and development of Sikh religion. The work is not a complete Sikh history but a small treatise in which an anonymous writer throws light on the main events and religious and social rites of the Sikhs. Also there are gaps in important historical events at many places, for example, with the exception of Guru Nanak and Guru Gobind Singh the writer only refers to the names of other Sikh Gurus and skip over the martyrdom of fifth and ninth Sikh Gurus, the struggle of the Sikh against the Mughals under the leadership of Guru Hargobind, Guru Gobind Singhís sojourn in Deccan, his passing away at Nanded, etc.

Similarly, the writer has wrongly attributed some of the events of Guru Gobind Singh with that of Guru Tegh Bahadur and similarly he has confused the account of Baba Banda Singh Bahadur with that of Guru Gobind Singh. However, in spite of some drawbacks, the work has historical importance as it gives valuable information to understand the religion, history and culture of late eighteenth century Sikhism. Though *Haqiqat-i-Sikhan* is less important for Sikh Gurusí history, but its evidence is very significant to understand the social and religious life besides their emergence as a sovereign nation in the Punjab of those times. For example, the writer knew well that Guru Nanak was born in a *Kashtriya* tribe and served as a *munshi* for some time. According to the author, Guru Nanak always

remained in the remembrance of God. He expressed his spiritual experience through Bani and conveyed it to the masses through the Punjabi language. Mardana *Rababi,* a musician, was his close companion who brought the masses into the ties of faith by setting to music and singing in a captivating manner. Guru Nanak was famous for his knowledge of God and was popularly known as Nanak Shah Dervish. In addition, *Haqiqat-i-Sikhan* incorporates some information about the Sikh rites and practices. For example, the writer knew that the Sikhs had come to have their Scripture which was known as Granth but did not know its editor. He writes that Guru Nanak uttered verses in Punjabi language and preached it through *kirtan*. The Sikhs used the word *shabada* for the hymns and essence of the worship of the Sikhs is the reading of the sacred verses of their Gurus, which they also sing with instrumental and vocal music and with a heart-ravishing chant. They remove from oneís mind the anguish caused by worldly attachments and lift the obscuring veil of impediments from the heart. The author takes note of the religious and social outlook of the eighteenth century Sikhs. He finds that in the eyes of Sikhs, kinsmen and strangers are alike; friends and enemies are the same. Humility is the highest ethical value of the Sikhs. According to the author, creation of Khalsa by Guru Gobind Singh was such a revolution which shattered the barriers of caste, inequality, untouchability, religious prejudice and discrimination. Guru Gobind Singh gave order to his Sikhs not to cut their hair of head, moustaches and beard. Wearing bracelet (*kara*) and turban on the head had become a religious obligation for the Sikhs. The writer has also mentioned a bit on the procedure of the preparation of *amrit* with sugar crystals shake with double-edged sword in water while reciting *Bani* and daily prayers of the Sikhs.

The work also incorporates comments on some facts about the struggle of the Sikhs against the Mughals at the time of Baba Banda Singh Bahadur. For example, the writer praises the war tactics of the Sikhs and tells that the Sikhs had used the wooden artillery made from the trunk of tamarind tree. He has described the manner in which Baba Banda Singh Bahadur and his companions after imprisonment were taken in a procession to Delhi. He writes that the Sikhs had no fear of death and in case of any tardiness in their execution; they used to remind the executioner not to delay in his work. They were executed in batches of one hundred and two hundred every day. During the execution, the mother of one youth pleaded his innocence and the Emperor ordered his release. But her son

cried out that she was telling a lie and that he should be executed so that he may join his companions. Many of the contemporary Persian writers who were present on the scene had narrated the above story of this young boy in a similar way, but the writer of *Haqiqat-i-Sikhan* describes it slightly in a different manner. He is the only writer among the Persian authors who gives evidence to the funeral rites of Baba Banda Singh Bahadur after his martyrdom at Delhi. He writes that the Sikhs of Delhi, who were engaged in shop-keeping and retail trade, received the imperial approval and cremated the body of Baba Banda Singh Bahadur at a place called *Baran Pullah* which was in the outskirt of the city. The author underscores the persecution of Sikhs by the Mughal Governors of Lahore, especially Mir Mannu who enjoyed in hunting the Sikhs. He takes note of the intrigues and internal dissensions at the Mughal court, invasions on India by Nadir Shah Durrani and Ahmed Shah Abdali, which ultimately led to the downfall of Mughal Empire in India. He recounts the Sikh struggle against the Afghans, desecration of Darbar Sahib Amritsar by Ahmed Shah Abdali, the great holocaust wherein thousands of Sikhs fell fighting in the battlefield, organization of the Sikhs into Misls, their military strength and the areas that had come under their rule. However, *Haqiqat-i-Sikhan* provides very brief information regarding the origin and development of Sikh Panth and its evidence require cautious handling, yet it provides valuable information to understand the religious, social and political image of the late eighteenth century Sikhs.

Dr. Balwant Singh Dhillon has rendered yeomanís service to the scholars of Sikh history as also to the general readers by refuting several unfounded stories circulated by the prejudiced and unscrupulous Persian authors. Explanatory comments provided in the footnotes by Dr. Balwant Singh Dhillon serve the purpose of corrective measure otherwise an innocent reader might have been mislead. It is hoped that the present book besides providing a peep into the religious and political life of the Sikhs, will prove of immense value in removing many doubts and myths shrouded around the eighteenth century Sikh society.smwijk ivvsQw (Unitary Type of Society)